Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 192 12/12/2025 www.samajweekly.com samajweekly @samajweekly samajweekly

# ਅਰੁਣਾਚਲ ਪ੍ਰਦੇਸ਼ ਵਿੱਚ ਭਿਆਨਕ ਸੜਕ ਹਾਦਸਾ, ਟਰੱਕ ਖੱਡ ਵਿੱਚ ਡਿੱਗਿਆ, 22 ਲੋਕਾਂ ਦੀ ਮੌਤ

**ਅਰੁਣਾਚਲ ਪ੍ਰਦੇਸ਼ ।** ਅਰੁਣਾਚਲ ਪ੍ਰਦੇਸ਼ ਦੇ ਅੰਜਾਵ ਜ਼ਿਲ੍ਹੇ ਵਿੱਚ ਵੀਰਵਾਰ ਨੂੰ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ। ਚੱਕਲਗਾਮ ਖੇਤਰ ਵਿੱਚ ਮਜ਼ਦੂਰਾਂ ਨੂੰ ਲੈ ਕੇ ਜਾ ਰਿਹਾ ਇੱਕ ਟਰੱਕ ਪਹਾੜੀ ਤੋਂ ਡੂੰਘੀ ਖੱਡ ਵਿੱਚ ਡਿੱਗ ਗਿਆ। ਟਰੱਕ ਵਿੱਚ ਕੁੱਲ 22 ਮਜ਼ਦੂਰ ਸਵਾਰ ਸਨ, ਜਿਨ੍ਹਾਂ ਸਾਰਿਆਂ ਦੀ ਇਸ ਹਾਦਸੇ ਵਿੱਚ ਮੌਤ ਹੋ ਗਈ। ਰਿਪੋਰਟਾਂ ਅਨੁਸਾਰ, ਇਨ੍ਹਾਂ ਮਜ਼ਦੂਰਾਂ ਵਿੱਚੋਂ 19 ਅਸਾਮ ਦੇ ਤਿਨਸੁਕੀਆ ਜ਼ਿਲ੍ਹੇ ਦੇ ਗਿਲਾਪੁਕੁਰੀ ਟੀ ਅਸਟੇਟ ਦੇ ਵਸਨੀਕ ਸਨ। ਮੌਕੇ 'ਤੇ ਬਚਾਅ ਕਾਰਜ ਜਾਰੀ ਹੈ। ਹੁਣ ਤੱਕ 13 ਮਜ਼ਦੂਰਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਬਾਕੀ ਮਜ਼ਦੂਰਾਂ ਦੀਆਂ ਲਾਸ਼ਾਂ ਦੀ ਭਾਲ ਜਾਰੀ ਹੈ।

**ਟਰੱਕ ਵਿੱਚ 22 ਮਜ਼ਦੂਰ ਸਵਾਰ**

ਦੱਸਿਆ ਜਾ ਰਿਹਾ ਹੈ ਕਿ ਮਜ਼ਦੂਰ ਸੜਕ ਨਿਰਮਾਣ ਵਾਲੀ ਥਾਂ 'ਤੇ ਜਾ ਰਹੇ ਸਨ ਜਦੋਂ ਟਰੱਕ ਕੰਟਰੋਲ ਗੁਆ ਬੈਠਾ ਅਤੇ ਹੈਲੋਂਗ-ਚਕਲਾਗਾਮ ਸੜਕ 'ਤੇ ਮੇਟੇਲਿਆਂਗ ਦੇ ਨੇੜੇ ਇੱਕ ਪਹਾੜੀ ਤੋਂ ਹੇਠਾਂ ਡਿੱਗ ਗਿਆ। ਹਾਦਸੇ ਸਮੇਂ ਟਰੱਕ ਵਿੱਚ 22 ਮਜ਼ਦੂਰ ਸਵਾਰ ਸਨ। ਰਾਹਗੀਰਾਂ ਨੇ ਟਰੱਕ ਨੂੰ ਖੱਡ ਵਿੱਚ ਡਿੱਗਦੇ ਦੇਖਿਆ ਅਤੇ ਘਟਨਾ ਦੀ ਸੂਚਨਾ ਨੇੜਲੇ ਪੁਲਿਸ ਸਟੇਸ਼ਨ ਨੂੰ ਦਿੱਤੀ। ਪੁਲਿਸ ਅਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ।

**19 ਅਸਾਮੀ ਮਜ਼ਦੂਰਾਂ ਦੀ ਮੌਤ**

ਪੁਲਿਸ ਅਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ ਨੇ ਹੁਣ ਤੱਕ 13 ਲਾਸ਼ਾਂ ਬਰਾਮਦ ਕੀਤੀਆਂ ਹਨ। ਨੌਂ ਦੀ ਭਾਲ ਅਜੇ ਵੀ ਜਾਰੀ ਹੈ। ਹੁਣ ਤੱਕ ਪਛਾਣੇ ਗਏ 19 ਮਜ਼ਦੂਰਾਂ ਵਿੱਚ ਬੁਧੇਸ਼ਵਰ ਦੀਪ, ਰਾਹੁਲ ਕੁਮਾਰ, ਸਮੀਰ ਦੀਪ, ਜੋਨ ਕੁਮਾਰ, ਪੰਕਜ ਮਾਨਕੀ, ਅਜੈ ਮਾਨਕੀ, ਵਿਜੇ ਕੁਮਾਰ, ਅਭੈ ਭੂਮੀਜ, ਰੋਹਿਤ ਮਾਨਕੀ, ਬੀਰੇਂਦਰ ਕੁਮਾਰ, ਅਗਰ ਤਾਤੀ, ਧੀਰੇਨ ਚੇਤੀਆ, ਰਜਨੀ ਨਾਗ, ਦੀਪ ਗੌਲਾ, ਰਾਮਛਾਬਕ ਸੋਨਾਰ, ਸੋਨਾਤਨ ਨਾਗ, ਜੋਨਾ ਕੁਮਾਰ, ਸੰਜਾ ਅਤੇ ਸੰਜਾ ਕੁਮਾਰ ਸ਼ਾਮਲ ਹਨ। ਸਾਰੇ 19 ਮਜ਼ਦੂਰ ਅਸਾਮ ਦੇ ਤਿਨਸੁਕੀਆ ਵਿੱਚ ਗੇਲਾਪੁਖੁਰੀ ਟੀ ਅਸਟੇਟ ਦੇ ਵਸਨੀਕ ਸਨ।

## ਹੁਣ ਤੱਕ 13 ਲਾਸ਼ਾਂ ਕੀਤੀਆਂ ਬਰਾਮਦ



## ਦਿੱਲੀ ਵਿੱਚ 3.59 ਕਰੋੜ ਰੁਪਏ ਦੇ ਗੈਰ-ਕਾਨੂੰਨੀ ਨੋਟਾਂ ਨੂੰ ਵੰਡਣ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿੱਚ ਚਾਰ ਗ੍ਰਿਫ਼ਤਾਰ



**ਨਵੀਂ ਦਿੱਲੀ:** ਪੁਲਿਸ ਨੇ ਦੱਸਿਆ ਕਿ ਦਿੱਲੀ ਦੇ ਅਸ਼ੋਕ ਵਿਹਾਰ ਵਿੱਚ 3.59 ਕਰੋੜ ਰੁਪਏ ਤੋਂ ਵੱਧ ਮੁੱਲ ਦੇ ਪੁਰਾਣੇ ਨੋਟਾਂ ਨੂੰ ਵੰਡਣ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿੱਚ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੇ ਵੀਰਵਾਰ ਨੂੰ ਕਿਹਾ ਕਿ ਇਨ੍ਹਾਂ ਵਿਅਕਤੀਆਂ ਨੇ ਝੂਠਾ ਦਾਅਵਾ ਕੀਤਾ ਸੀ ਕਿ ਇਹ ਨੋਟ ਰਿਜ਼ਰਵ ਬੈਂਕ ਆਫ਼ ਇੰਡੀਆ (ਆਰਬੀਆਈ) ਵਿੱਚ ਬਦਲੇ ਜਾ ਸਕਦੇ ਹਨ।ਬੁੱਧਵਾਰ ਨੂੰ ਮਿਲੀ ਜਾਣਕਾਰੀ 'ਤੇ ਕਾਰਵਾਈ ਕਰਦਿਆਂ, ਪੁਲਿਸ ਨੇ ਸ਼ਾਲੀਮਾਰ ਬਾਗ ਮੈਟਰੋ ਸਟੇਸ਼ਨ ਦੇ ਗੇਟ ਨੰਬਰ 4 ਦੇ ਨੇੜੇ ਇੱਕ ਜਾਲ ਵਿਛਾਇਆ ਅਤੇ ਇਸ ਮਾਮਲੇ ਵਿੱਚ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ।ਪੁਲਿਸ ਅਨੁਸਾਰ, ਦੋਸ਼ੀਆਂ ਦੀ ਪਛਾਣ ਲਕਸ਼ਯ (28), ਵਿਪਿਨ ਕੁਮਾਰ (38), ਹਰਸ਼ (22) ਅਤੇ ਟੇਕ ਚੰਦ ਠਾਕੁਰ (39) ਵਜੋਂ ਹੋਈ ਹੈ। ਇਹ ਸਾਰੇ ਰਾਜਧਾਨੀ ਦੇ ਵੱਖ-ਵੱਖ ਖੇਤਰਾਂ ਦੇ ਵਸਨੀਕ ਹਨ।ਉਨ੍ਹਾਂ ਕਿਹਾ ਕਿ ਘਟਨਾ ਵਿੱਚ ਵਰਤੀਆਂ ਗਈਆਂ ਦੋ ਕਾਰਾਂ ਵੀ ਜ਼ਬਤ ਕਰ ਲਈਆਂ ਗਈਆਂ ਹਨ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਤੋਂ 500 ਅਤੇ 1000 ਰੁਪਏ ਦੇ ਪੁਰਾਣੇ ਨੋਟਾਂ ਵਿੱਚ ਕੁੱਲ 3,59,08,000 ਰੁਪਏ ਬਰਾਮਦ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਉਨ੍ਹਾਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਜਾਂਚਕਰਤਾਵਾਂ ਦੇ ਅਨੁਸਾਰ, ਦੋਸ਼ੀਆਂ ਨੇ ਦੱਸਿਆ ਕਿ ਉਹ ਦੋ ਵਿਅਕਤੀਆਂ, ਆਸ਼ੀਸ਼ ਅਤੇ ਤਰੁਣ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ, ਜਿਨ੍ਹਾਂ ਨੇ ਕੁਝ ਮਹੀਨੇ ਪਹਿਲਾਂ ਉਨ੍ਹਾਂ ਨਾਲ ਸੰਪਰਕ ਕੀਤਾ ਸੀ ਅਤੇ ਉਨ੍ਹਾਂ ਨੂੰ ਨੋਟਬੰਦੀ ਕੀਤੇ ਨੋਟਾਂ ਨੂੰ ਵੰਡਣ ਵਿੱਚ ਮਦਦ ਕਰਨ ਲਈ ਇੱਕ ਵੱਡਾ ਕਮਿਸ਼ਨ ਦੇਣ ਦਾ ਵਾਅਦਾ ਕੀਤਾ ਸੀ।

ਉਨ੍ਹਾਂ ਇਹ ਵੀ ਦੱਸਿਆ ਕਿ ਚਾਰਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਨੋਟਾਂ ਨੂੰ ਗੁਪਤ ਤਰੀਕਿਆਂ ਨਾਲ ਬਦਲਿਆ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਪ੍ਰਚਲਨ ਵਿੱਚ ਪਾਉਣ ਲਈ ਭੁਗਤਾਨ ਕੀਤਾ ਜਾਵੇਗਾ।

ਪੁਲਿਸ ਨੇ ਦੱਸਿਆ ਕਿ ਦੋਸ਼ੀਆਂ ਨੇ ਨਿੱਜੀ ਵਿੱਤੀ ਦਬਾਅ ਕਾਰਨ ਇਸ ਅਪਰਾਧ ਵਿੱਚ ਸ਼ਾਮਲ ਹੋਣ ਦੀ ਗੱਲ ਕਬੂਲ ਕੀਤੀ ਹੈ।

## ਮੁੱਲਾਂਪੁਰ ਵਿੱਚ ਦੱਖਣੀ ਅਫਰੀਕਾ ਨੇ ਭਾਰਤ ਨੂੰ 51 ਦੌੜਾਂ ਨਾਲ ਹਰਾਇਆ



**ਨਵੀਂ ਦਿ.ਲੀ।** ਮੁਹਾਲੀ ਦੇ ਮੁੱਲਾਂਪਰ ਵਿੱਚ ਅੱਜ ਦੱਖਣੀ ਅਫਰੀਕਾ ਨੇ ਦੂਜੇ ਟੀ-20 ਮੈਚ ਵਿਚ ਭਾਰਤ ਨੂੰ 51 ਦੌੜਾਂ ਨਾਲ ਹਰਾ ਦਿੱਤਾ ਹੈ। ਦੱਖਣੀ ਅਫਰੀਕਾ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਚਾਰ ਵਿਕਟਾਂ ਦੇ ਨੁਕ-ਸਾਨ ’ਤੇ 213 ਦੌੜਾਂ ਬਣਾਈਆਂ ਜਿਸ ਦੇ ਜਵਾਬ ਵਿਚ ਭਾਰਤ ਦੀ ਪੂਰੀ ਟੀਮ 19.1 ਓਵਰਾਂ ਵਿਚ 162 ਦੌੜਾਂ ’ਤੇ ਆਲ ਆਊਟ ਹੋ ਗਈ। ਭਾਰਤ ਵਲੋਂ ਤਿਲਕ ਵਰਮਾ ਨੇ ਸ਼ਾਨਦਾਰ ਬੱਲੇਬਾਜ਼ੀ ਕੀਤੀ ਪਰ ਉਹ ਟੀਮ ਨੂੰ ਜਿਤਾ ਨਾ ਸਕਿਆ। ਦੱਖਣੀ ਅਫਰੀਕਾ ਨੇ ਨਿਰਧਾਰਿਤ ਵੀਹ ਓਵਰਾਂ ਵਿਚ 4 ਵਿਕਟਾਂ ਦੇ ਨੁਕਸਾਨ ’ਤੇ 213 ਦੌੜਾਂ ਬਣਾਈਆਂ। ਭਾਰਤ ਨੇ ਦੱਖਣੀ ਅਫਰੀਕਾ ਦੀਆਂ 214 ਦੌੜਾਂ ਦਾ ਪਿੱਛਾ ਕਰਦਿਆਂ ਥੋੜ੍ਹੇ ਥੋੜ੍ਹੇ ਵਕਫੇ ਬਾਅਦ ਵਿਕਟਾਂ ਗਵਾਈਆਂ। ਭਾਰਤ ਵਲੋਂ ਸ਼ੁਭਮਨ ਗਿੱਲ ਨੇ ਅੱਜ ਮੁੜ ਨਿਰਾਸ਼ਾਜਨਕ ਪ੍ਰਦਰਸ਼ਨ ਕੀਤਾ ਤੇ ਪਹਿਲੀ ਹੀ ਗੇਂਦ ’ਤੇ ਸਿਫਰ ’ਤੇ ਆਊਟ ਹੋ ਗਿਆ। ਅਭਿਸ਼ੇਕ ਸ਼ਰਮਾ ਨੇ 17 ਦੌੜਾਂ ਬਣਾਈਆਂ ਤੇ ਕਪਤਾਨ ਸੂਰਿਆਕੁਮਾਰ ਯਾਦਵ ਪੰਜ ਦੌੜਾਂ ਹੀ ਬਣਾ ਸਕਿਆ। ਭਾਰਤ ਦੀ ਚੌਥੀ ਵਿਕਟ ਅਕਸ਼ਰ ਪਟੇਲ ਵਜੋਂ ਡਿੱਗੀ। ਉਹ 21 ਦੌੜਾਂ ਬਣਾ ਕੇ ਆਊਟ ਹੋਇਆ। ਭਾਰਤ ਦਾ ਹਾਰਦਿਕ ਪਾਂਡਿਆ 20 ਦੌੜਾਂ ਬਣਾ ਕੇ ਆਊਟ ਹੋਇਆ। ਦੱਖਣੀ ਅਫਰੀਕਾ ਦੀ ਪਹਿਲੀ ਵਿਕਟ ਰੀਜ਼ਾ ਹੈਂਡਰਿਕਸ ਵਜੋਂ ਡਿੱਗੀ। ਉਸ ਨੂੰ ਵਰੁਨ ਚੱਕਰਵਰਤੀ ਨੇ ਬੋਲਡ ਕੀਤਾ। ਦੱਖਣੀ ਅਫਰੀਕਾ ਦੀ ਦੂਜੀ ਵਿਕਟ ਕਪਤਾਨ ਮਾਰਕਰਮ ਵਜੋਂ ਡਿੱਗੀ। ਉਸ ਨੇ 26 ਗੇਂਦਾਂ ਵਿਚ 29 ਦੌੜਾਂ ਬਣਾਈਆਂ। ਕਵਿੰਟਨ ਡੀ ਕਾਕ 90 ਦੌੜਾਂ ’ਤੇ ਰਨ ਆਊਟ ਹੋਇਆ ਜਦਕਿ ਡੀਵਾਲਡ ਬਰੇਵਿਸ 14 ਦੌੜਾਂ ਬਣਾ ਕੇ ਆਊਟ ਹੋਇਆ। ਦੱਖਣੀ ਅਫਰੀਕਾ (ਪਲੇਇੰਗ ਇਲੈਵਨ): ਰੀਜ਼ਾ ਹੈਂਡਰਿਕਸ, ਕਵਿੰਟਨ ਡੀ ਕਾਕ (ਵਿਕਟਕੀਪਰ), ਏਡਨ ਮਾਰਕਰਮ (ਕਪਤਾਨ), ਡਿਵਾਲਡ ਬ੍ਰੇਵਿਸ, ਡੇਵਿਡ ਮਿਲਰ, ਡੋਨੋਵਨ ਫਰੇਰਾ, ਜਾਰਜ ਲਿੰਡੇ, ਮਾਰਕੋ ਜਾਨਸਨ, ਲੂਥੋ ਸਿਪਾਮਲਾ, ਲੁੰਗੀ ਐਨਗਿਡੀ, ਓਟਨੀਲ ਬਾਰਟਮੈਨ ਭਾਰਤ (ਪਲੇਇੰਗ ਇਲੈਵਨ): ਅਭਿਸ਼ੇਕ ਸ਼ਰਮਾ, ਸ਼ੁਭਮਨ ਗਿੱਲ, ਸੂਰਿਆਕੁਮਾਰ ਯਾਦਵ (ਕਪਤਾਨ), ਤਿਲਕ ਵਰਮਾ, ਅਕਸ਼ਰ ਪਟੇਲ, ਹਾਰਦਿਕ ਪਾਂਡਿਆ, ਸ਼ਿਵਮ ਦੂਬੇ, ਜਿਤੇਸ਼ ਸ਼ਰਮਾ (ਵਿਕਟਕੀਪਰ), ਜਸਪ੍ਰੀਤ ਬੁਮਰਾਹ, ਵਰੁਣ ਚੱਕਰਵਰਤੀ, ਅਰਸ਼ਦੀਪ ਸਿੰਘ।

# 19 ਦਸੰਬਰ ਨੂੰ ਪ੍ਰਿਯੰਕਾ ਗਾਂਧੀ ਨਾਲ ਮੁਲਾਕਾਤ ਕਰਨਗੇ ਨਵਜੋਤ ਸਿੰਘ ਸਿੱਧੂ

**ਨਵੀਂ ਦਿੱਲੀ।** ਪੰਜਾਬ ਕਾਂਗਰਸ ਵਿੱਚ ਚੱਲ ਰਹੀ ਖਿੱਚੋਤਾਣ ਦਰਮਿਆਨ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ 19 ਦਸੰਬਰ ਨੂੰ ਪ੍ਰਿਯੰਕਾ ਗਾਂਧੀ ਨਾਲ ਮੁਲਾਕਾਤ ਕਰਨਗੇ। ਸਿੱਧੂ ਨੇ ਇਸ ਮਿਲਣੀ ਲਈ ਸਮਾਂ ਮੰਗਿਆ ਸੀ। ਸਿੱਧੂ ਹਾਈ ਕਮਾਨ ਵੱਲੋਂ ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਆਪਣਾ ਪੱਖ ਰੱਖਣਾ ਚਾਹੁੰਦੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਸਿੱਧੂ ਬੁੱਧਵਾਰ ਨੂੰ ਦਿੱਲੀ ਵਿੱਚ ਹੀ ਮੌਜੂਦ ਸਨ, ਪਰ ਸੰਸਦ ਦਾ ਸਰਦ ਰੁੱਤ ਇਜਲਾਸ ਚਲਦਾ ਹੋਣ ਉਨ੍ਹਾਂ ਦੀ ਪਾਰਟੀ ਹਾਈ ਕਮਾਨ ਨਾਲ ਮੁਲਾਕਾਤ ਨਹੀਂ ਹੋ ਸਕੀ। ਦੂਜੇ ਪਾਸੇ ਕਾਂਗਰਸ ਹਾਈਕਮਾਨ ਨੇ ਡਾ. ਨਵਜੋਤ ਕੌਰ ਸਿੱਧੂ ਵੱਲੋਂ '500 ਕਰੋੜ ਵਿੱਚ ਮੁੱਖ ਮੰਤਰੀ ਦੀ ਕੁਰਸੀ' ਵਾਲੇ ਬਿਆਨ ਦੀ ਜਾਂਚ ਲਈ ਉੱਚ-ਪੱਧਰੀ ਕਮੇਟੀ ਬਣਾ ਦਿੱਤੀ ਹੈ। ਇਸ ਕਮੇਟੀ ਦੀ ਅਗਵਾਈ ਪਾਰਟੀ ਦੇ ਪੰਜਾਬ



ਇੰਚਾਰਜ ਭੁਪੇਸ਼ ਬਘੇਲ ਕਰਨਗੇ। ਬਾਕੀ ਮੈਂਬਰਾਂ ਬਾਰੇ ਹਾਲੇ ਖੁਲਾਸਾ ਨਹੀਂ ਕੀਤਾ ਗਿਆ ਹੈ। ਹਾਈ ਕਮਾਨ ਨੇ ਇਸ ਮਾਮਲੇ ਵਿੱਚ ਸਖਤ ਰੁਖ ਅਖਤਿਆਰ ਕਰਦਿਆਂ ਭੁਪੇਸ਼ ਬਘੇਲ ਤੋਂ ਇਸ ਬਾਰੇ ਵਿਸਥਾਰਤ ਰਿਪੋਰਟ ਮੰਗੀ ਹੈ। ਦੱਸਿਆ ਜਾ ਰਿਹਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਵਿੱਚ ਚਲ ਰਹੇ ਅੰਦਰੂਨੀ ਕਲੇਸ਼ ਤੋਂ ਹਾਈਕਮਾਨ ਨਾਰਾਜ਼ ਹੈ। ਮੰਨਿਆ ਜਾ ਰਿਹਾ ਹੈ ਕਿ ਜੇਕਰ ਕਾਂਗਰਸ ਹਾਈਕਮਾਨ ਨੇ ਸਖ਼ਤੀ ਵਿਖਾਈ ਤਾਂ ਨਵਜੋਤ ਕੌਰ ਸਿੱਧੂ ਦੀ ਕਾਂਗਰਸ ਤੋਂ ਛੁੱਟੀ ਹੋ ਸਕਦੀ ਹੈ। ਹਾਲਾਂਕਿ ਹੁਣ ਤੱਕ ਉਨ੍ਹਾਂ ਦੇ ਪਤੀ ਨਵਜੋਤ ਸਿੰਘ ਸਿੱਧੂ ਨੇ ਮੀਡੀਆ ਵਿੱਚ ਇਸ ਮੁੱਦੇ ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਉਨ੍ਹਾਂ ਦੇ ਅੰਮ੍ਰਿਤਸਰ ਆਉਣ ਅਤੇ ਫਿਰ ਮੁੰਬਈ ਜਾਣ ਦੀਆਂ ਖ਼ਬਰਾਂ ਸਾਹਮਣੇ ਆਈਆਂ ਸਨ ਪਰ ਉਹ ਮੀਡੀਆ ਸਾਹਮਣੇ ਨਹੀਂ ਆਏ। ਪੰਜਾਬ ਦੀ ਸਿਆਸਤ ਤੋਂ ਦੂਰ ਰਹਿਣ ਵਾਲੇ ਸਿੱਧੂ ਪਹਿਲਾਂ ਸੋਸ਼ਲ ਮੀਡੀਆ ਰਾਹੀਂ ਬੇਬਾਕ ਬਿਆਨ ਦਿੰਦੇ ਸਨ, ਪਰ ਇਸ ਪੂਰੇ ਮਾਮਲੇ ਤੇ ਉਹ ਪੂਰੀ ਤਰ੍ਹਾਂ ਚੁੱਪ ਹਨ।

## ਲੁਧਿਆਣਾ ਬੱਸ ਸਟੈਂਡ ਨੇੜੇ ਵਾਪਰਿਆ ਭਿਆਨਕ ਸੜਕ ਹਾਦਸਾ

**ਲੁਧਿਆਣਾ।** ਲੁਧਿਆਣਾ ਦੇ ਬੱਸ ਸਟੈਂਡ ਦੇ ਬਾਹਰ ਇੱਕ ਭਿਆਨਕ ਹਾਦਸਾ ਵਾਪਰ ਗਿਆ। ਬਰੇਕ ਫੇਲ੍ਹ ਹੋਣ ਕਾਰਨ ਇਕ ਬੱਸ ਨੇ ਬੱਸ ਸਟੈਂਡ ਦੇ ਬਾਹਰ ਮੌਜੂਦ ਕਈ ਲੋਕਾਂ ਨੂੰ ਦਰੜ ਦਿੱਤਾ। ਇਸ ਹਾਦਸੇ ਵਿਚ 6-7 ਤੋਂ ਲੋਕ ਜ਼ਖਮੀ ਹੋਏ ਦੱਸੇ ਜਾ ਰਹੇ ਹਨ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਾਇਆ ਗਿਆ ਹੈ। ਜਾਣਕਾਰੀ ਮੁਤਾਬਕ ਚੰਡੀਗੜ੍ਹ ਤੋਂ ਆ ਰਹੀ ਇੱਕ ਪ੍ਰਾਈਵੇਟ ਕੰਪਨੀ ਦੀ ਬੱਸ ਜਦੋਂ ਲੁਧਿਆਣਾ ਦੇ ਬੱਸ ਸਟੈਂਡ ਦੇ ਬਾਹਰ ਪਹੁੰਚੀ, ਤਾਂ ਅਚਾਨਕ ਬਰੇਕ ਫੇਲ੍ਹ ਹੋਣ ਕਾਰਨ ਬੇਕਾਬੂ ਹੋ ਗਈ। ਇਸ ਹਾਦਸੇ ਵਿਚ ਦੋ ਈ-ਰਿਕਸ਼ਾ ਤੇ ਇਕ ਮੋਟਰਸਾਈਕਲ ਵੀ ਬੁਰੀ ਤਰੀਕੇ ਨਾਲ ਨੁਕਸਾਨੇ ਗਏ ਹਨ। ਘਟਨਾ ਦੀ



ਸੂਚਨਾ ਮਿਲਣ ਤੋਂ ਬਾਅਦ ਮੌਕੇ 'ਤੇ ਪਹੁੰਚੀ ਪੁਲਿਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਪੰਜਾਬ ਵਿੱਚ ਹੋ ਰਹੀ ਗੈਂਗਵਾਰ, ਗੈਂਗਸਟਰ ਲਗਾਤਾਰ ਦੇ ਰਹੇ ਧਮਕੀਆਂ : ਰਾਜਾ ਵੜਿੰਗ

### ਲੋਕ ਸਭਾ ਵਿੱਚ ਪੰਜਾਬ ਵਿੱਚ ਹੋ ਰਹੀ ਗੈਂਗਵਾਰ ਅਤੇ ਗੈਂਗਸਟਰਾਂ ਦਾ ਮੁੱਦਾ ਚੁੱਕਿਆ

**ਨਵੀਂ ਦਿੱਲੀ।** ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਲੋਕ ਸਭਾ ਵਿੱਚ ਪੰਜਾਬ ਵਿੱਚ ਹੋ ਰਹੀ ਗੈਂਗਵਾਰ ਅਤੇ ਗੈਂਗਸਟਰ ਵਲੋਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਧਮਕੀਆਂ ਦਾ ਮੁੱਦਾ ਚੁੱਕਦਿਆਂ ਕਿਹਾ ਕਿ ਉਹ ਸਦਨ ਦਾ ਧਿਆਨ ਪੰਜਾਬ ਦੀ ਕਾਨੂੰਨ ਵਿਵਸਥਾ ਤੇ ਕੇਂਦਰਿਤ ਕਰਨਾ ਚਾਹੁੰਦੇ ਹਨ। ਪੂਰਾ ਪੰਜਾਬ ਇਸ ਸਮੇਂ ਡਰ ਦੇ ਮਾਹੌਲ ਵਿਚ ਜੀਅ ਰਿਹਾ ਹੈ। ਪੰਜਾਬ ਦੇ ਅੰਦਰ ਰਹਿਣ ਵਾਲੇ ਹਰੇਕ ਵਿਅਕਤੀ ਨੂੰ ਕਦੇ ਵਿਦੇਸ਼ਾਂ ਤੋਂ ਜਾਂ ਕਦੇ ਜੇਲ੍ਹਾਂ ਵਿਚੋਂ ਧਮਕੀ ਭਰੇ ਫੋਨ ਆ ਰਹੇ ਹਨ। ਇਹ ਲੋਕ ਫਿਰੌਤੀ ਦੀ ਮੰਗ ਕਰਕੇ ਉਨ੍ਹਾਂ ਨੂੰ ਡਰਾ ਧਮਕਾ ਰਹੇ ਹਨ। ਰਾਜਾ ਵੜਿੰਗ ਨੇ ਕਿਹਾ ਫਿਰੌਤੀ ਅਤੇ ਪੈਸੇ ਨਾ ਦੇਣ ਦੀ ਸੂਰਤ ਵਿਚ ਰੋਜ਼ਾਨਾਂ ਕਿਸੇ ਨਾ ਕਿਸੇ ਇਕ ਵਿਅਕਤੀ ਦਾ ਸ਼ਰੇਆਮ ਕਤਲ ਕਰ ਦਿੱਤਾ ਜਾਂਦਾ ਹੈ। ਰੋਜ਼ਾਨਾਂ ਵਾਪਰ ਰਹੀਆਂ ਇਨ੍ਹਾਂ ਘਟਨਾਵਾਂ ਕਰਕੇ ਪੰਜਾਬ ਦੇ ਲੋਕ, ਵਪਾਰੀ ਡਰ ਦੇ



ਮਾਹੌਲ ਵਿਚ ਹਨ। ਵੜਿੰਗ ਨੇ ਕਿਹਾ ਕਿ ਬੀਤੇ ਦਿਨੀਂ ਲੁਧਿਆਣਾ ਵਿਚ ਇਕ ਵਿਆਹ ਸਮਾਗਮ ਦੌਰਾਨ ਵੀ ਵੱਡੀ ਘਟਨਾ ਵਾਪਰੀ। ਸਮਾਗਮ ਵਿਚ ਦੁਪਹਿਰ ਦੇ ਸਮੇਂ 2 ਧਿਰਾਂ ਵਿਚਾਲੇ ਸ਼ਰੇਆਮ ਗੈਂਗਵਾਰ ਹੋਈ ਜਿਸ ਦੌਰਾਨ ਦੋਵਾਂ ਧਿਰਾਂ ਵਲੋਂ ਗੋਲੀਆਂ ਚਲਾਈਆਂ ਗਈਆਂ। ਇਸ ਗੈਂਗਵਾਰ ਦੌਰਾਨ ਸਮਾਗਮ ਵਿਚ ਆਏ ਲੋਕਾਂ ਅਤੇ ਰਿਸ਼ਤੇਦਾਰਾਂ ਨੇ ਟੇਬਲਾਂ ਦੇ ਹੇਠਾਂ ਲੁੱਕ ਕੇ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਇਸ ਗੈਂਗਵਾਰ ਦੌਰਾਨ ਵਿਆਹ ਵਿਚ ਆਏ ਦੋ ਵਿਅਕਤੀਆਂ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ। ਉਹਨਾਂ ਕਿਹਾ ਕਿ ਅਕਾਲੀ ਦਲ ਨੇ ਇਕ ਚੋਣ ਲੜਨ ਲਈ ਇਕ ਗੈਂਗਸਟਰ ਨੂੰ ਟਿਕਟ ਦੇ ਦਿੱਤੀ ਹੈ। ਹੁਣ ਗੈਂਗਸਟਰ ਸਿਆਸਤ ਵਿਚ ਵੀ ਫੋਨ ਕਰਕੇ ਸਰਪੰਚਾਂ ਨੂੰ ਵੋਟ ਲੈਣ ਲਈ ਧਮਕੀਆਂ ਦਿੰਦੇ ਹਨ। ਦੂਜੇ ਪਾਸੇ ਕੇਂਦਰ ਅਤੇ ਸੂਬਾ ਸਰਕਾਰ ਦੋਵੇਂ ਚੁੱਪ ਕਰਕੇ ਬੈਠੀਆਂ ਹੋਈਆਂ ਹਨ। ਉਹਨਾਂ ਕਿਹਾ ਕਿ ਧਮਕੀਆਂ ਸਿਰਫ਼ ਆਮ ਲੋਕਾਂ ਨੂੰ ਹੀ ਨਹੀਂ ਆਉਂਦੀਆਂ, ਬਲਕਿ ਸਿਆਸਤਦਾਨਾਂ ਅਤੇ ਸਰਕਾਰੀ ਅਧਿਕਾਰੀਆਂ ਨੂੰ ਵੀ ਮਿਲ ਰਹੀਆਂ ਹਨ। ਪੰਜਾਬ ਅਤੇ ਕੇਂਦਰ ਦੀ ਪੁਲੀਸ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਚੁੱਪ ਕਰਕੇ ਦੇਖ ਰਹੀ ਹੈ ਅਤੇ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਹਨਾਂਕਿਹਾ ਕਿ ਸਰਕਾਰ ਇਸ ਸਮੱਸਿਆ ਵੱਲ ਆਪਣਾ ਧਿਆਨ ਕੇਂਦਰਿਤ ਕਰੇ ਅਤੇ ਪੰਜਾਬ ਨੂੰ ਬਚਾਉਣ ਦੀ ਕੋਸ਼ਿਸ਼ ਕਰੇ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਖੱਜਲ ਖੁਆਰ ਹੋਣ ਵਾਲੇ ਮੁਸਾਫ਼ਰਾਂ ਨੂੰ ਮਿਲੇਗਾ 10 ਹਜ਼ਾਰ ਮੁਆਵਜ਼ਾ ਅਤੇ 10 ਹਜ਼ਾਰ ਦੇ ਵਾਊਚਰ

**ਨਵੀਂ ਦਿੱਲੀ।** ਇੰਡੀਗੋ ਏਅਰਲਾਈਨਜ਼ ਨੇ ਦਸੰਬਰ ਦੇ ਪਹਿਲੇ ਹਫ਼ਤੇ ਵਿੱਚ ਵੱਡੀ ਗਿਣਤੀ ਵਿੱਚ ਉਡਾਣਾਂ ਰੱਦ ਹੋਣ ਕਾਰਨ ਪ੍ਰਭਾਵਿਤ ਹੋਏ ਯਾਤਰੀਆਂ ਨੂੰ ਰਾਹਤ ਦੇਣ ਦਾ ਐਲਾਨ ਕੀਤਾ ਹੈ । ਕੰਪਨੀ ਨੇ ਕਿਹਾ ਹੈ ਕਿ ਉਹ ਪ੍ਰਭਾਵਿਤ ਯਾਤਰੀਆਂ ਨੂੰ ਸਰਕਾਰ ਦੇ ਨਿਯਮਾਂ ਅਨੁਸਾਰ 5,000 ਰੁਪਏ ਤੋਂ ਲੈ ਕੇ 10,000 ਰੁਪਏ ਤੱਕ ਦਾ ਮੁਆਵਜ਼ਾ ਦੇਵੇਗੀ । ਇਹ ਮੁਆਵਜ਼ਾ ਡੀ ਜੀ ਸੀ ਏ (ਨਾਗਰਿਕ ਉਡਾਣ ਮਹਾਨਿਦੇਸ਼ਾਲਾ) ਵਲੋਂ ਨਿਰਧਾਰਿਤ ਦਿਸ਼ਾ-ਨਿਰਦੇਸ਼ਾਂ ਤਹਿਤ ਦਿੱਤਾ ਜਾਵੇਗਾ। ਕੰਪਨੀ ਨੇ ਸਪੱਸ਼ਟ ਕੀਤਾ ਕਿ ਮੁਆਵਜ਼ੇ ਦੀ ਰਕਮ ਫਲਾਈਟ ਦੀ ਦੂਰੀ, ਟਿਕਟ ਦੀ ਸ਼੍ਰੇਣੀ ਅਤੇ ਯਾਤਰੀ ਨੂੰ ਹੋਈ ਅਸੁਵਿਧਾ ਦੇ ਆਧਾਰ ਤੇ ਦਿੱਤੀ ਜਾਵੇਗੀ। ਇਸ ਦਾ ਉਦੇਸ਼ ਯਾਤਰੀਆਂ ਦੇ ਆਰਥਿਕ ਨੁਕਸਾਨ ਨੂੰ ਘਟਾਉਣਾ ਹੈ। ਇਸ ਤੋਂ ਇਲਾਵਾ, ਏਅਰਲਾਈਨ ਨੇ ਸਭ ਤੋਂ ਵੱਧ ਪ੍ਰਭਾਵਿਤ ਯਾਤਰੀਆਂ ਲਈ 10,000 ਰੁਪਏ ਤੱਕ ਦੇ ਵਧੀਕ ਟ੍ਰੈਵਲ ਵਾਊਚਰ ਜਾਰੀ ਕਰਨ ਦਾ ਵੀ ਐਲਾਨ ਕੀਤਾ ਹੈ। ਇਹ ਵਾਊਚਰ ਉਨ੍ਹਾਂ ਯਾਤਰੀਆਂ ਲਈ ਵੱਡੀ ਰਾਹਤ ਮੰਨਿਆ ਜਾ ਰਿਹਾ ਹੈ ਜਿਨ੍ਹਾਂ ਦੀ ਯਾਤਰਾ ਯੋਜਨਾ ਅਚਾਨਕ ਬਦਲ ਗਈ। ਇੰਡੀਗੋ ਨੇ ਦੱਸਿਆ ਕਿ 10,000 ਰੁਪਏ ਦਾ ਟ੍ਰੈਵਲ ਵਾਊਚਰ ਉਨ੍ਹਾਂ ਯਾਤਰੀਆਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਦੀਆਂ ਯਾਤਰਾਵਾਂ ਇੱਕ ਤੋਂ ਵੱਧ ਵਾਰ ਬਦਲੀਆਂ (ਰੀਸ਼ਡਿਊਲ ਹੋਈਆਂ), ਜਾਂ ਜਿਨ੍ਹਾਂ ਨੂੰ ਏਅਰਪੋਰਟ ਤੇ ਲੰਬਾ ਇੰਤਜ਼ਾਰ ਕਰਨਾ ਪਿਆ। ਇਸ ਟ੍ਰੈਵਲ ਵਾਊਚਰ ਦੀ ਖਾਸ ਗੱਲ ਇਹ ਹੈ ਕਿ ਇਸ ਨੂੰ ਅਗਲੇ 12 ਮਹੀਨਿਆਂ ਤੱਕ ਕਿਸੇ ਵੀ ਸਮੇਂ ਵਰਤਿਆ ਜਾ ਸਕਦਾ ਹੈ। ਯਾਤਰੀ ਇਨ੍ਹਾਂ ਵਾਊਚਰਾਂ ਦੀ ਵਰਤੋਂ ਭਾਰਤ ਵਿੱਚ ਇੰਡੀਗੋ ਦੀ ਕਿਸੇ ਵੀ ਘਰੇਲੂ ਉਡਾਣ ਜਾਂ ਅੰਤਰਰਾਸ਼ਟਰੀ ਰੂਟ ਲਈ ਕਰ ਸਕਦੇ ਹਨ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਤਰੀਕ ਭੁਗਤਣ ਆਏ ਵਿਅਕਤੀ ਦਾ ਕੋਰਟ ਕੰਪਲੈਕਸ ’ਚ ਕਤਲ

**ਅਬੋਹਰ।** ਅੱਜ ਅਬੋਹਰ ਤਹਿਸੀਲ ਅਹਾਤੇ ਵਿੱਚ ਅਦਾਲਤ ਵਿੱਚ ਪੇਸ਼ੀ ਲਈ ਆਏ ਇੱਕ ਨੌਜਵਾਨ 'ਤੇ ਕੁਝ ਲੋਕਾਂ ਨੇ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਇੱਕ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਇਸ ਘਟਨਾ ਨਾਲ ਤਹਿਸੀਲ ਅਹਾਤੇ ਵਿੱਚ ਦਹਿਸ਼ਤ ਫੈਲ ਗਈ। ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਦੇ ਮੁਰਦਾਘਰ ਵਿੱਚ ਰੱਖਿਆ ਗਿਆ ਹੈ। ਰਿਪੋਰਟਾਂ ਅਨੁਸਾਰ, ਅਬੋਹਰ ਦੇ ਮਸ਼ਹੂਰ ਜੌਹਰੀ ਮੰਦਿਰ ਦੇ ਪੁਜਾਰੀ ਦਾ ਪੁੱਤਰ ਆਕਾਸ਼ ਉਰਫ਼ ਗੋਲੂ ਪੰਡਿਤ, ਉਸਦਾ ਦੋਸਤ ਸੋਨੂੰ ਅਤੇ ਇੱਕ ਹੋਰ ਵਿਅਕਤੀ ਅੱਜ ਆਪਣੀ ਕਾਰ ਵਿੱਚ ਪਹੁੰਚੇ। ਜਿਵੇਂ ਹੀ ਗੋਲੂ ਪੰਡਿਤ ਆਪਣੀ ਅਦਾਲਤ ਦੀ ਸੁਣਵਾਈ ਤੋਂ ਬਾਹਰ ਆਇਆ ਅਤੇ ਆਪਣੀ ਕਾਰ ਵਿੱਚ ਬੈਠਣ ਹੀ ਵਾਲਾ ਸੀ, ਕੁਝ ਨੌਜਵਾਨਾਂ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਉਹ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਅਤੇ ਹਮਲਾਵਰ ਮੌਕੇ ਤੋਂ ਭੱਜ ਗਏ। ਗੋਲੂ ਦੇ ਸਾਥੀਆਂ ਨੇ ਉਸਨੂੰ ਤੁਰੰਤ ਇਲਾਜ ਲਈ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਗੋਲੂ ਦੇ ਨਾਲ ਮੌਜੂਦ ਸੋਨੂੰ ਨੇ ਦੱਸਿਆ ਕਿ ਤਿੰਨ ਤੋਂ ਚਾਰ ਨੌਜਵਾਨਾਂ ਨੇ ਗੋਲੂ ਪੰਡਿਤ 'ਤੇ ਪੰਜ ਤੋਂ ਛੇ ਗੋਲੀਆਂ ਚਲਾਈਆਂ, ਜਿਨ੍ਹਾਂ ਵਿੱਚੋਂ ਤਿੰਨ ਉਸਦੇ ਸਰੀਰ 'ਤੇ ਲੱਗੀਆਂ, ਜਿਸ ਕਾਰਨ ਉਸਦੀ ਮੌਤ ਹੋ ਗਈ। ਸੂਚਨਾ ਮਿਲਦੇ ਹੀ ਜ਼ਿਲ੍ਹਾ ਐਸਐਸਪੀ ਗੁਰਮੀਤ



ਸਿੰਘ ਤੁਰੰਤ ਹਸਪਤਾਲ ਪਹੁੰਚੇ, ਅਤੇ ਕੁਝ ਮਿੰਟਾਂ ਵਿੱਚ ਹੀ ਹਸਪਤਾਲ ਛਾਉਣੀ ਵਿੱਚ ਬਦਲ ਗਿਆ। ਚੋਣਾਂ ਤੋਂ ਠੀਕ ਪਹਿਲਾਂ ਇਸ ਤਰ੍ਹਾਂ ਦੇ ਹਮਲੇ ਨੇ ਸ਼ਹਿਰ ਵਾਸੀਆਂ ਅਤੇ ਤਹਿਸੀਲ ਕੰਪਲੈਕਸ ਦੇ ਵਕੀਲ ਭਾਈਚਾਰੇ ਦੋਵਾਂ ਨੂੰ ਗੁੱਸਾ ਦਿਵਾਇਆ ਹੈ। ਉਨ੍ਹਾਂ ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਨੂੰ ਜਨਤਾ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਅਪੀਲ ਕੀਤੀ।ਹਸਪਤਾਲ ਪਹੁੰਚੇ ਐਸਐਸਪੀ ਨੇ ਕਿਹਾ ਕਿ ਗੋਲੂ ਪੰਡਿਤ ਵਿਰੁੱਧ ਪਹਿਲਾਂ ਹੀ ਕਈ ਅਪਰਾਧਿਕ ਮਾਮਲੇ ਦਰਜ ਹਨ, ਅਤੇ ਇਹ ਘਟਨਾ ਗੈਂਗਵਾਰ ਨਾਲ ਵੀ ਜੁੜੀ ਹੋਈ ਹੈ। ਪੁਲਿਸ ਪ੍ਰਸ਼ਾਸਨ ਗੈਂਗਸਟਰਾਂ ਨੂੰ ਬਰਦਾਸ਼ਤ ਨਹੀਂ ਕਰੇਗਾ, ਅਤੇ ਇਸ ਘਟਨਾ ਦੇ ਦੋਸ਼ੀਆਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰਕੇ ਸਲਾਖਾਂ ਪਿੱਛੇ ਸੁੱਟ ਦਿੱਤਾ ਜਾਵੇਗਾ।

## ਸ਼ਰਧਾਲੂਆਂ ਨਾਲ ਭਰੀ ਬੋਲੇਰੋ ਟਰੈਕਟਰ ਨਾਲ ਟਕਰਾਈ, ਤਿੰਨ ਵਿਅਕਤੀਆਂ ਦੀ ਮੌਤ, 8 ਜ਼ਖਮੀ



**ਅਯੁੱਧਿਆ।** ਅੱਜ ਸਵੇਰੇ ਰਾਮ ਨਗਰੀ ਅਯੁੱਧਿਆ ਵਿੱਚ ਪ੍ਰਯਾਗਰਾਜ ਹਾਈਵੇਅ ਤੇ ਮੱਧ ਪ੍ਰਦੇਸ਼ ਤੋਂ ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਇੱਕ ਬੋਲੇਰੋ ਟਰੈਕਟਰ ਨਾਲ ਟਕਰਾ ਗਈ, ਜਿਸ ਵਿੱਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਅੱਠ ਹੋਰ ਜ਼ਖਮੀ ਹੋ ਗਏ। ਇਹ ਹਾਦਸਾ ਪੂਰਕਲੰਦਰ ਖੇਤਰ ਦੇ ਕਲਿਆਣ ਭਦਰਸਾ ਪਿੰਡ ਦੇ ਨੇੜੇ ਵਾਪਰਿਆ। ਪੁਲੀਸ ਦੇ ਅਨੁਸਾਰ ਡਰਾਈਵਰ ਨੂੰ ਨੀਂਦ ਆ ਗਈ, ਜਿਸ ਕਾਰਨ ਬੋਲੇਰੋ ਦੀ ਟਰੱਕ ਨਾਲ ਆਹਮੋ-ਸਾਹਮਣੇ ਟੱਕਰ ਹੋ ਗਈ। ਮ੍ਰਿਤਕਾਂ ਵਿੱਚ ਡਰਾਈਵਰ ਵੀ ਸ਼ਾਮਲ ਹੈ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਵੀ ਇਸ ਘਟਨਾ ਦਾ ਨੋਟਿਸ ਲਿਆ ਹੈ ਅਤੇ ਮ੍ਰਿਤਕਾਂ ਦੇ ਦੁਖੀ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਤੁਰੰਤ ਮੌਕੇ ਤੇ ਪਹੁੰਚਣ ਅਤੇ ਰਾਹਤ ਕਾਰਜਾਂ ਵਿੱਚ ਤੇਜ਼ੀ ਲਿਆਉਣ ਅਤੇ ਜ਼ਖਮੀਆਂ ਦਾ ਸਹੀ ਇਲਾਜ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਪ੍ਰਾਪਤ ਜਾਣਕਾਰੀ ਮੁਤਾਬਿਕ ਮੱਧ ਪ੍ਰਦੇਸ਼ ਦੇ ਰੇਵਾ ਦੇ ਰਹਿਣ ਵਾਲੇ ਚਿੱਤਰਸੇਨ ਅਤੇ ਉਨ੍ਹਾਂ ਦਾ ਪਰਿਵਾਰ ਇੱਕ ਬੋਲੇਰੋ ਵਿੱਚ ਅਯੁੱਧਿਆ ਜਾ ਰਹੇ ਸਨ। ਜੀਪ ਵਿੱਚ ਕੁੱਲ੍ਹ 11 ਲੋਕ ਸਵਾਰ ਸਨ। ਪੂਰਕਲੰਦਰ ਨੇੜੇ ਡਰਾਈਵਰ ਨੂੰ ਅਚਾਨਕ ਨੀਂਦ ਆ ਗਈ, ਜਿਸ ਕਾਰਨ ਬੋਲੇਰੋ ਇੱਕ ਆ ਰਹੇ ਟਰੈਕਟਰ ਨਾਲ ਟਕਰਾ ਗਈ। ਆਹਮੋ-ਸਾਹਮਣੇ ਵਾਲੀ ਟੱਕਰ ਇੰਨੀ ਜ਼ਬਰਦਸਤ ਸੀ ਕਿ ਅੱਠ ਸ਼ਰਧਾਲੂ ਵਾਹਨ ਤੋਂ ਬਾਹਰ ਡਿੱਗ ਗਏ, ਜਦੋਂ ਕਿ ਤਿੰਨ ਹੋਰ ਅੰਦਰ ਫਸ ਗਏ। ਤਿੰਨੋਂ ਗੰਭੀਰ ਜ਼ਖਮੀ ਹੋ ਗਏ। ਇਸ ਹਾਦਸੇ ਕਾਰਨ ਵਿਆਪਕ ਹੰਗਾਮਾ ਹੋਇਆ। ਸਾਰਿਆਂ ਨੂੰ ਨੇੜਲੇ ਮੈਡੀਕਲ ਸੈਂਟਰ ਲਿਜਾਇਆ ਗਿਆ ਜਿੱਥੇ ਤਿੰਨ ਸ਼ਰਧਾਲੂਆਂ ਦੀ ਮੌਤ ਹੋ ਗਈ। ਪੂਰਕਲੰਦਰ ਪੁਲੀਸ ਸਟੇਸ਼ਨ ਦੇ ਇੰਚਾਰਜ ਮਨੋਜ ਸ਼ਰਮਾ ਨੇ ਦੱਸਿਆ ਕਿ ਬੋਲੇਰੋ ਸੁਲਤਾਨਪੁਰ ਤੋਂ ਅਯੁੱਧਿਆ ਆ ਰਹੀ ਸੀ। ਡਰਾਈਵਰ ਨੂੰ ਅਚਾਨਕ ਨੀਂਦ ਆ ਗਈ, ਜਿਸ ਕਾਰਨ ਇਹ ਹਾਦਸਾ ਹੋਇਆ। ਹਾਦਸੇ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ। ਬਾਕੀ ਅੱਠਾਂ ਨੂੰ ਮੈਡੀਕਲ ਸੈਂਟਰ ਵਿੱਚ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਜ਼ਿਲ੍ਹਾ ਹਸਪਤਾਲ ਰੈਫਰ ਕਰ ਦਿੱਤਾ ਗਿਆ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਵੱਲੋਂ ਰਾਜ ਚੋਣ ਕਮਿਸ਼ਨ ਦੇ ਪੱਤਰ ਮੰਨਣ ਤੋਂ ਇੰਨਕਾਰ

## ●ਕਿਹਾ ਪੰਜਾਬ ਰਾਜ ਚੋਣ ਕਮਿਸ਼ਨ ਨੇ ਗ਼ਲਤ ਪੱਤਰ ਕੱਢਿਆ ●ਬੀਐਲਓ ਦੀਆਂ ਡਿਊਟੀਆਂ ਕੱਟਣ ਦਾ ਆਸ਼ਵਾਸਨ ਦੇ ਕੇ ਪਾਸਾ ਵੱਟਿਆ ●ਸਮੂਹ ਬੀਐਲਓ ਵੱਲੋਂ ਚੋਣ ਡਿਊਟੀਆਂ ਦਾ ਬਾਈਕਾਟ*

**ਸ੍ਰੀ ਮੁਕਤਸਰ ਸਾਹਿਬ ।** ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹੋ ਰਹੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਵਿਭਾਗ ਦੇ ਅਧੀਨ ਕੰਮ ਕਰਦੇ ਬੀਐਲਓ ਦੀਆਂ ਡਿਊਟੀਆਂ ਵੱਡੀ ਤਦਾਦ ਵਿੱਚ ਲਗਾਈਆਂ ਗਈਆਂ ਹਨ।

ਜਿਸ ਦੇ ਸਬੰਧ ਵਿੱਚ ਰਾਜ ਚੋਣ ਕਮਿਸ਼ਨ ਵੱਲੋਂ ਕੱਲ੍ਹ ਇੱਕ ਪੱਤਰ ਜਾਰੀ ਕੀਤਾ ਗਿਆ ਜਿਸ ਵਿੱਚ ਲਿਖਿਆ ਗਿਆ ਕਿ ਰਾਜ ਚੋਣ ਕਮਿਸ਼ਨ ਵੱਲੋਂ ਐਸ ਆਈ ਆਰ ਦਾ ਮਹੱਤਵਪੂਰਨ ਕੰਮ ਚੱਲ ਰਿਹਾ ਹੈ ਇਸ ਲਈ ਸਮੂਹ ਬੀਐਲਓ ਨੂੰ ਇਹਨਾਂ ਬਾਲਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚੋਂ ਛੋਟ ਦਿੱਤੀ ਜਾਵੇ। ਜਦ ਇਸ ਦੇ ਸਬੰਧ ਵਿੱਚ ਡਿਪਟੀ ਕਮਿਸ਼ਨਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਅਤੇ ਏਡੀਸੀ (ਵਿਕਾਸ) ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੂੰ ਨੁਮਾਇੰਦਿਆਂ ਵੱਲੋਂ ਮਿਲਿਆ ਗਿਆ ਤਾਂ ਉਹਨਾਂ ਨੇ ਇਸ ਪੱਤਰ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਬੀਐਲਓ ਨੂੰ ਇਸ ਡਿਊਟੀ ਤੋਂ ਕਿਸੇ ਵੀ ਕਿਸਮ ਦੀ ਛੋਟ ਨਹੀਂ ਦਿੱਤੀ ਜਾਵੇਗੀ।

ਬੀਐਲਓ ਯੂਨੀਅਨ ਮੁਕਤਸਰ ਨੇ ਇਸ ਸਬੰਧੀ ਰੋਸ ਪ੍ਰਗਟ ਕਰਦੇ ਹੋਏ ਅੱਜ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਇੱਕਠ ਕੀਤਾ ਗਿਆ। ਜਿਸ ਤੋਂ ਡਰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਵੱਲੋਂ




ਯੂਨੀਅਨ ਦੇ ਆਗੂਆਂ ਨਾਲ ਆਪਣੀ ਰਿਹਾਇਸ਼ ਤੇ ਮੀਟਿੰਗ ਕੀਤੀ ਗਈ। ਉਹਨਾਂ ਕਿਹਾ ਕਿ ਉਹ ਅੱਜ ਸ਼ਾਮ ਨੂੰ ਉਪਰੋਕਤ ਪੱਤਰ ਬਾਰੇ ਆਪਣੇ ਆਰ ਓ ਨਾਲ ਗੱਲ ਕਰਨਗੇ ਅਤੇ ਬੀਐਲਓ ਨੂੰ ਇਹਨਾਂ ਡਿਊਟੀਆਂ ਤੋਂ ਛੋਟ ਦਿੱਤੀ ਜਾਵੇਗੀ। ਪਰ ਸ਼ਾਮ ਤੱਕ ਡਿਪਟੀ ਕਮਿਸ਼ਨਰ ਵੱਲੋਂ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਅਤੇ ਫੋਨ ਵੀ ਰਸੀਵ ਨਹੀਂ ਕੀਤਾ ਗਿਆ।

ਇਸ ਗੱਲ ਤੋਂ ਬੀਐਲਓ ਯੂਨੀਅਨ ਸ੍ਰੀ ਮੁਕਤਸਰ ਸਾਹਿਬ ਵੱਲੋਂ ਰੋਸ ਪ੍ਰਗਟ ਕੀਤਾ ਅਤੇ ਕਿਹਾ ਕਿ ਸਾਰੀ ਬੀਐਲਓ ਯੂਨੀਅਨ ਇਹਨਾਂ ਚੋਣਾਂ ਦਾ ਬਾਈਕਾਟ ਕਰਦੀ ਹੈ। ਉਹਨਾਂ ਕਿਹਾ ਕਿ ਜੇਕਰ ਡਿਪਟੀ ਕਮਿਸ਼ਨਰ ਰਾਜ ਚੋਣ ਕਮਿਸ਼ਨ ਦੇ ਉਸ ਪੱਤਰ ਨੂੰ ਨਹੀਂ ਮੰਨਦਾ ਜਿਸ ਵਿੱਚ ਸਾਨੂੰ ਚੋਣ ਡਿਊਟੀ ਤੋਂ ਛੋਟ ਦਿੱਤੀ ਗਈ ਹੈ ਤਾਂ ਅਸੀਂ ਵੀ ਉਸ ਪੱਤਰ ਨੂੰ ਨਹੀਂ ਮੰਨਦੇ ਜਿਸ ਵਿੱਚ ਸਾਨੂੰ ਬੀਐੱਲਓ ਲਗਾਇਆ ਗਿਆ ਹੈ। ਉਹਨਾਂ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਾਡੇ ਦੇਸ਼ ਵਿੱਚ ਐਸਆਈਆਰ ਦਾ ਕੰਮ ਏਨਾ ਮੁਸ਼ਕਿਲ ਹੈ ਕਿ ਹੁਣ ਤੱਕ 40 ਤੋਂ ਵੱਧ ਬੀਐੱਲ ਓ ਆਤਮਹੱਤਿਆ ਕਰ ਚੁੱਕੇ ਹਨ। ਪਰ ਪ੍ਰਸ਼ਾਸਨ ਸਾਨੂੰ ਐਸ ਆਈ ਆਰ ਦੇ ਨਾਲ-ਨਾਲ ਚੋਣ ਡਿਊਟੀ ਕਰਨ ਤੇ ਵੀ ਮਜ਼ਬੂਰ ਕਰ ਰਿਹਾ ਹੈ। ਉਹਨਾਂ ਕਿਹਾ ਕਿ ਜੇਕਰ ਪ੍ਰਸ਼ਾਸਨ ਵੱਲੋਂ ਇਸ ਜ਼ਬਰਦਸਤੀ ਨਾਲ ਕਿਸੇ ਵੀ ਬੀਐੱਲਓ ਦਾ ਕੋਈ ਜਾਨੀ ਨੁਕਸਾਨ ਹੁੰਦਾ ਹੈ ਤਾਂ ਇਸ ਦਾ ਸਿੱਧਾ ਕਸੂਰਵਾਰ ਜ਼ਿਲ੍ਹਾ ਪ੍ਰਸ਼ਾਸ਼ਨ ਹੋਵੇਗਾ।

# ਐਸ.ਸੀ/ਬੀ.ਸੀ ਮੁਲਾਜ਼ਮ ਵੈਲਫੇਅਰ ਫੈਡਰੇਸ਼ਨ ਪਾਵਰਕਾਮ/ਟਰਾਂਸਕੋ (ਰਜਿ:) ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਹੋਈ

**ਮਾਲੇਰਕੋਟਲਾ-(ਕੁਲਵੰਤ ਸਿੰਘ ਮੁਹਾਲੀ)** ਅਨੁਸੂਚਿਤ ਜਾਤੀਆਂ/ਪਛੜੀਆਂ ਸ਼੍ਰੇਣੀਆਂ ਮੁਲਾਜ਼ਮ ਵੈਲਫੇਅਰ ਫੈਡਰੇਸ਼ਨ ਪਾਵਰਕਾਮ/ ਟਰਾਂਸਕੋ (ਰਜਿ:) ਪੰਜਾਬ ਦੇ ਸੂਬਾ ਮੀਤ ਪ੍ਰਧਾਨ ਰਿਟਾ.ਐਸ.ਡੀ.ਓ ਹਰਜਿੰਦਰ ਸਿੰਘ ਖੰਨਾ ਨੇ ਮੀਡੀਆ ਨੂੰ ਜਾਰੀ ਪ੍ਰੈਸ ਨੋਟ ਰਾਹੀਂ ਦੱਸਿਆ ਕਿ ਜਥੇਬੰਦੀ ਦੀ ਇੱਕ ਜਰੂਰੀ ਮੀਟਿੰਗ ਪ੍ਰਭਾਤ ਪਰਵਾਨਾ ਹਾਲ ਪਟਿਆਲਾ ਵਿਖੇ ਸੂਬਾ ਪ੍ਰਧਾਨ ਸ.ਅਵਤਾਰ ਸਿੰਘ ਕੈਂਥ ਦੀ ਅਗਵਾਈ ਵਿੱਚ ਕੀਤੀ ਗਈ, ਜਿਸ ਵਿੱਚ ਸਟੇਟ ਕਮੇਟੀ ਮੈਂਬਰ ਅਤੇ ਜਿਲਿਆਂ ਦੇ ਪ੍ਰਧਾਨ ਸਕੱਤਰ ਹਾਜ਼ਰ ਹੋਏ।ਮੀਟਿੰਗ ਦੌਰਾਨ ਸਾਰੇ ਸਾਥੀਆ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਮੁਲਾਜ਼ਮ ਮੰਗਾਂ ਤੇ ਮਸਲਿਆਂ ਉੱਪਰ ਵੀ ਵਿਚਾਰ-ਚਰਚਾ ਕੀਤੀ ਗਈ। ਇਸ ਮੌਕੇ ਹਾਉਸ ਵਲੋਂ ਸੂਬਾ ਪ੍ਰਧਾਨ ਅਵਤਾਰ ਸਿੰਘ ਕੈਂਥ ਦੁਆਰਾ ਲਿਆਂਦੇ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ।ਇਸ ਮੌਕੇ ਜੱਥਬੰਦੀ ਵੱਲੋਂ ਆਪਣੀ ਸਹਾਇਕ ਜੱਥਬੰਦੀ ਐਸ.ਸੀ/ਬੀ.ਸੀ ਪੈਨਸ਼ਨਰ ਐਸੋਸੀਏਸ਼ਨ ਬਣਾਉਣ ਵਾਰੇ ਐਲਾਨ ਕੀਤਾ ਗਿਆ, ਜੱਥਬੰਦੀ ਦੇ ਸੂਬਾਈ ਦਫਤਰ ਲਈ ਪਟਿਆਲਾ ਵਿੱਚ ਇਮਾਰਤ ਖਰੀਦਣ ਦਾ ਫੈਸਲਾ ਕੀਤਾ, ਪੰਜਾਬ ਦੇ ਲੋਕਾਂ ਅਤੇ ਮੁਲਾਜ਼ਮਾਂ ਨਾਲ






ਮਿਲ ਕੇ ਸੂਬਾਈ ਸੰਘਰਸ਼ ਸ਼ੁਰੂ ਕੀਤਾ ਜਾਵੇਗਾ, ਆਉਣ ਵਾਲੇ ਸਮੇ ਵਿੱਚ ਪੰਜਾਬ ਦੇ ਐਮ.ਐਲ.ਏ-ਮੰਤਰੀਆਂ-ਜ਼ਿਲ੍ਹਾ ਅਧਿਕਾਰੀਆਂ ਰਾਹੀਂ ਮੁੱਖ ਮੰਤਰੀ ਪੰਜਾਬ ਦੇ ਨਾਮ ਤੇ ਮੈਮੋਰੰਡਮ ਦਿਤੇ ਜਾਣਗੇ।ਅਗਰ ਸਰਕਾਰ ਇਸ ਸਬੰਧੀ ਕੋਈ ਟਾਲ-ਮਟੋਲ ਦੀ ਨੀਤੀ ਖੇਡਦੀ ਹੈ ਤਾਂ ਮੰਤਰੀਆਂ ਦੇ ਘਰਾਂ ਅੱਗੇ ਧਰਨੇ /ਪ੍ਰਦਰਸ਼ਨ ਵੀ ਕੀਤੇ ਜਾਣਗੇ। ਇਸ ਤੋਂ ਇਲਾਵਾ ਮੀਟਿੰਗ ਦੌਰਾਨ ਆਗੂਆਂ ਨੇ ਪਾਵਰਕਾਮ ਅਤੇ ਟਰਾਂਸਕੋ ਦੀ ਮੈਨੇਜਮੈਂਟ ਨੂੰ ਵੀ ਚਿਤਾਵਨੀ ਦਿੰਦਿਆ ਕਿਹਾ ਕੇ ਫੈਡਰੇਸ਼ਨ ਵੱਲੋਂ ਪੇਸ਼ ਕੀਤੀਆਂ ਮੰਗਾਂ ਦਾ ਜਲਦੀ ਹੀ ਸਾਰਥਿਕ ਹੱਲ ਕੀਤਾ ਜਾਵੇ, ਨਹੀ ਤਾਂ ਫੈਡਰੇਸ਼ਨ ਪ੍ਰੀਵਾਰਾਂ ਸਮੇਤ ਧਰਨਾ ਪ੍ਰਦਰਸ਼ਨ ਕਰਨ ਤੋਂ ਗੁਰੇਜ ਨਹੀ ਕਰੇਗੀ।ਕਿਸਾਨਾਂ ਮਜਦੂਰਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਕਰਨ ਦਾ ਵੀ ਅਹਿਦ ਲਿਆ ਗਿਆ।ਸਟੇਜ ਸਕੱਤਰ ਦੀ ਡਿਊਟੀ ਸਾਥੀ ਗੁਰਵਿੰਦਰ ਸਿੰਘ ਗੁਰੂ ਵੱਲੋ ਬਾਖੂਬੀ ਨਿਭਾਈ ਗਈ।ਉਨ੍ਹਾਂ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪ੍ਰਧਾਨ ਸ ਅਵਤਾਰ ਸਿੰਘ ਕੈਂਥ ਦੀ ਸੂਝਬੂਝ ਅਤੇ ਉਸਾਰੂ ਸੋਚ ਸਦਕਾ ਫੈਡਰੇਸ਼ਨ ਦਿਨ ਦੁੱਗਣੀ ਤੇ ਰਾਤ ਚੌਗਣੀ ਤਰੱਕੀ ਕਰ ਰਹੀ ਹੈਅਤੇ ਸੂਬੇ ਅੰਦਰ ਸਾਡੀ ਜਥੇਬੰਦੀ ਐਸ ਸੀ/ਬੀ ਸੀ ਮੁਲਾਜ਼ਮ ਵੈਲਫੇਅਰ ਫੈਡਰੇਸ਼ਨ ਦਾ ਨਾਂ ਹੁਣ ਫਖਰ ਨਾਲ ਲਿਆ ਜਾਣ ਲੱਗ ਪਿਆ ਹੈ।ਇਸ ਦਾ ਸਾਰਾ ਸਿਹਰਾ ਸੂਬਾਈ ਪ੍ਰਧਾਨ ਅਤੇ ਸਮੁੱਚੀ ਟੀਮ ਨੂੰ ਜਾਂਦਾ ਹੈ। ਖੰਨਾ ਸਰਕਲ ਕਮੇਟੀ ਵੱਲੋਂ ਪ੍ਰਧਾਨ ਜੀ ਦਾ ਵਿਸ਼ੇਸ਼ ਧੰਨਵਾਦ ਕੀਤਾ ਜਾਂਦਾ ਹੈ।ਹਰਜਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ ਐਸ ਸੀ / ਬੀ ਸੀ ਮੁਲਾਜ਼ਮ ਵੈਲਫੇਅਰ ਫੈਡਰੇਸ਼ਨ ਪਾਵਰਕਾਮ ਰਜਿ: ਪੰਜਾਬ, ਸੰਪਰਕ 6280589127

for more news visit:
www.samajweekly.com

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ‘ਜੁਗਨੀ ਜੁਗਨੀ’ ਨਵਾਂ ਲੋਕ ਗੀਤ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਗਾਇਆ ਜੀਵਿਕਾ ਜੱਸਲ : ਅਮਰੀਕ ਮਾਈਕਲ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਬਹੁਤ ਹੀ ਛੋਟੀ ਉਮਰ ਵਿੱਚ ਪੱਟ ਰਹੀ ਵੱਡੀਆਂ ਲਾਂਘਾ ਸੂਫ਼ੀ ਗਾਇਕਾ ਜੀਵਿਕਾ ਜੱਸਲ । ਰੰਗ ਰੰਗ ਪ੍ਰੋਗਰਾਮ ਹੈਲੋ ਹੈਲੋ 2026 ਦੀ ਨਿਰਮਾਤਾ ਪੂਜਾ ਸੱਭਰਵਾਲ ਨੇ ਦਸਿਆ ਕਿ ਛੋਟੀ ਜਈ ਉਮਰ ਵਿਚ ਹੀ ਬਹੁਤ ਸੁਰੀਲਾ ਗਾ ਰਹੀ ਹੈ ਇਹ ਗੀਤ “ ਜੁਗਨੀ ਜੁਗਨੀ “ ਜੋ ਸਾਡੇ ਪੰਜਾਬੀ ਸੱਭਿਆਚਾਰ ਨਾਲ ਜੁੜਿਆ ਹੋਇਆ ਹੈ ਤੇ ਜਿਹਦੇ ਵਿਚ ਇਸ਼ਕ ਹਕੀਕੀ ਦੀ ਗੱਲ ਚਾਹੇ ਮਿਰਜ਼ਾ ਸਾਹਿਬਾ , ਹੀਰ ਰਾਂਝਾ, ਸੋਨੀ ਮਹੀਵਾਲ, ਲੈਲਾ ਮਜਨੂੰ ਦੀ ਗੱਲ ਕੀਤੀ ਗਈ ਹੈ । ਇਹ ਗੀਤ ਨੂੰ ਕਲਮਬੱਧ ਕੀਤਾ ਰਾਮ ਧੋਲੇਟੇ ਵਾਲੇ ਸੰਗੀਤ ਤਿਆਰ ਕੀਤਾ ਗਿਆ ਹਰੀ ਅਮਿਤ ਵਲੋ ਤੇ ਕੰਪੋਜ਼ ਕੀਤੀ ਗਈ ਸਾਹਿਲ ਚੌਹਾਨ ਵਲੋ ਤੇ ਵੀਡੀਓ ਦਾ ਨਿਰਦੇਸ਼ ਕੀਤਾ ਅਮਰੀਕ ਮਾਈਕਲ ਨੇ ਕੈਮਰਾ ਚਲਾਇਆ ਕੁਲਦੀਪ ਕੁੰਡਲ ਤੇ ਮੇਕਅੱਪ ਕੀਤਾ ਗਿਆ ਰਜਨੀ ਵਰਮਾ ਜੀ ਵਲੋ। ਗੀਤ ਵਿੱਚ ਮੇਨ ਫ਼ੀਮੇਲ ਮੋਡਲ ਜਸਲੀਨ ਕੌਰ ਅਤੇ ਮੇਨ ਮੇਲ ਮੋਡਲ ਅਜਮੇਰ ਜੌਹਲ ਤੇ



ਵਿਲੇਨ ਦਾ ਕਿਰਦਾਰ ਨਿਭਾਇਆ ਅਵਤਾਰ ਗੋਇੰਦਵਾਲ ਸਾਹਿਬ , ਨਿਸ਼ਾਨ ਗੋਇੰਦਵਾਲ ਸਾਹਿਬ ਤੇ ਬਾਬਾ ਪਰਮਜੀਤ ਸਿੰਘ ਇਟਲੀ ਵਾਲੇ । ਇਹ ਗੀਤ ਤੁਸੀਂ ਹੈਲੋ ਹੈਲੋ 2026 ਵਿੱਚ 1 ਜਨਵਰੀ 2026 ਰਾਤ 8:30 ਤੋਂ 9:30 ਤੱਕ ਦੂਰਦਰਸ਼ਨ ਜਲੰਧਰ ਡੀ ਡੀ ਪੰਜਾਬੀ ਤੇ ਦੇਖੋਗੇ । ਤੇ ਬਹੁਤ ਹੀ ਜਲਦ ਯੂਟਿਊਬ ਚੈਨਲ ਅਨੁਰਾਗ ਪ੍ਰੋਡਕਸ਼ਨ ਤੇ ਦੇਖ ਸਕਦੇ ਹੋ ਤੇ ਹੋਰ ਅਲਗ ਅਲਗ ਸੋਸ਼ਲ ਸਾਈਟਾਂ ਤੇ ਸੁਣੋਗੇ । ਬਹੁਤ ਸੋਹਣਾ ਗੀਤ ਹੈ ਉਮੀਦ ਹੈ ਕੇ ਤੁਸੀਂ ਵੱਧ ਤੋ ਵੱਧ ਪਿਆਰ ਦਵੋਗੇ ।

# ਆਰ ਸੀ ਐਫ ਮਜ਼ਦੂਰ ਯੂਨੀਅਨ ਚਾਰੇ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਹਰ ਸੰਘਰਸ਼ ਲਈ ਤਿਆਰ

## 4 ਮਜ਼ਦੂਰ ਬਿੱਲ ਰੱਦ ਕਰੋ ਦੇ ਪ੍ਰਦਰਸ਼ਨ ਤਹਿਤ ਰੇਲਵੇ ਕਰਮਚਾਰੀਆਂ ਨੂੰ ਵੰਡੇ ਪੋਸਟਰ

**ਕਪੂਰਥਲਾ, (ਕੌੜਾ)–** ਤਾਨਾਸ਼ਾਹੀ ਨੀਤੀ 'ਤੇ ਚੱਲਦਿਆਂ ਕੇਂਦਰ ਸਰਕਾਰ ਨੇ ਕਿਰਤ ਨਾਲ ਸਬੰਧਤ 29 ਕਾਨੂੰਨਾਂ ਨੂੰ ਰੱਦ ਕਰਕੇ 4 ਨਵੇਂ ਕਾਨੂੰਨ ਲਿਆਂਦੇ ਹਨ। ਜੋ ਮੁਲਾਜ਼ਮਾਂ ਦੇ ਹਿੱਤਾਂ ਦੇ ਵਿਰੁੱਧ ਹਨ। ਜਿਸ ਕਾਰਨ ਮਜ਼ਦੂਰ ਵਰਗ ਨੂੰ ਮੁੜ ਗੁਲਾਮੀ ਵੱਲ ਧੱਕ ਦਿੱਤਾ ਜਾਵੇਗਾ। ਦੇਸ਼ ਦੇ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਕੇਂਦਰ ਸਰਕਾਰ ਮਜ਼ਦੂਰਾਂ ਦੇ ਭਵਿੱਖ ਨੂੰ ਬਰਬਾਦ ਕਰਨ 'ਤੇ ਤੁਲੀ ਹੋਈ ਹੈ ਅਤੇ ਆਪਣੀਆਂ ਦਮਨਕਾਰੀ ਨੀਤੀਆਂ ਨਾਲ ਮਜ਼ਦੂਰਾਂ ਦੇ ਹਿੱਤਾਂ ਨੂੰ ਕੁਚਲਣਾ ਚਾਹੁੰਦੀ ਹੈ। ਇਨ੍ਹਾਂ ਚਾਰਾਂ ਕੋਡਾਂ ਨੂੰ ਰੱਦ ਕਰਵਾਉਣ ਤੇ ਵਿਰੋਧ ਪ੍ਰਦਰਸ਼ਨ ਕਰਦੇ ਹੋਏ ਆਰ.ਸੀ.ਐਫ ਮਜ਼ਦੂਰ ਯੂਨੀਅਨ ਕਪੂਰਥਲਾ ਦੁਆਰਾ ਡਾਕਟਰ ਭੀਮ ਰਾਓ ਅੰਬੇਡਕਰ ਚੌਕ ਫੈਕਟਰੀ ਗੇਟ ਵਿਖੇ ਪੋਸਟਰ



ਵੰਡੇ ਗਏ। ਜਿਸ ਵਿੱਚ ਯੂਨੀਅਨ ਦੇ ਵਰਕਰਾਂ ਨੇ ਸ਼ਮੂਲੀਅਤ ਕੀਤੀ। ਜਨਰਲ ਸਕੱਤਰ ਰਾਮ ਰਤਨ ਸਿੰਘ ਨੇ ਕਿਹਾ ਕਿ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਰੇਲਵੇ ਮੈਨਜ, ਨਵੀਂ ਦਿੱਲੀ, ਐਨ ਐਫ ਆਈ ਆਰ, ਨਵੀਂ ਦਿੱਲੀ ਅਤੇ ਇੰਡੀਅਨ ਨੈਸ਼ਨਲ ਟਰੇਡ ਯੂਨੀਅਨ ਕਾਂਗਰਸ, ਨਵੀਂ ਦਿੱਲੀ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਜੋ ਵੀ ਅੰਦੋਲਨ ਆਵੇਗਾ, ਲਈ ਪੂਰੀ ਤਰ੍ਹਾਂ ਤਿਆਰ ਹਨ। ਇਸ ਮੌਕੇ ਅਭਿਸ਼ੇਕ ਸਿੰਘ, ਰਣਜੀਤ ਸਿੰਘ, ਮੇਜਰ ਸਿੰਘ, ਪ੍ਰੀਤਮ ਸਿੰਘ, ਹਰਵਿੰਦਰ ਸਿੰਘ ਚਮਕੀਲਾ, ਸੱਤਿਆਪਾਲ ਪਰਾਸ਼ਰ, ਵਿਨੋਦ ਕੁਮਾਰ, ਸ਼ਕਤੀ ਸ਼ਰਮਾ, ਸ਼ਿਵ ਸਿੰਘ, ਨਿਤਿਨ ਪਰਮਲ, ਨਮੋ ਨਰਾਇਣ ਮੀਨਾ, ਚੈਲ ਬਿਹਾਰੀ ਮੀਨਾ, ਹਰਵਿੰਦਰ ਸਿੰਘ, ਰਾਮ ਕੁਮਾਰ ਯੋਗੀ, ਨਿਰਮਲ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਸੁਰੇਂਦਰ ਸਿੰਘ, ਪ੍ਰਵੀਨ ਕੁਮਾਰ, ਸੰਜੇ ਕੁਮਾਰ, ਓ. ਸੁੱਚਾ ਸਿੰਘ, ਮਨਜੀਤ ਸਿੰਘ ਨੇ 4 ਕਾਲੇ ਕਾਨੂੰਨਾਂ ਬਾਰੇ ਦੱਸਿਆ ਕਿ ਇਹ ਆਉਣ ਵਾਲੇ ਸਮੇਂ ਵਿੱਚ ਬਹੁਤ ਘਾਤਕ ਸਿੱਧ ਹੋਣ ਵਾਲੇ ਹਨ। ਆਰ ਸੀ ਐਫ ਮਜ਼ਦੂਰ ਯੂਨੀਅਨ ਇਨ੍ਹਾਂ 4 ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਹਰ ਸੰਘਰਸ਼ ਲਈ ਤਿਆਰ ਹੈ।

## ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੇ ਲੋੜੀਂਦੇ ਪ੍ਰਬੰਧਾਂ ਹਿਤ 13 ਦਸੰਬਰ ਨੂੰ ਜ਼ਿਲ੍ਹੇ ਦੇ ਸੱਤ ਪਬਲਿਕ ਸਕੂਲਾਂ ਵਿੱਚ ਛੁੱਟੀ ਰਹੇਗੀ : ਵਧੀਕ ਡਿਪਟੀ ਕਮਿਸ਼ਨਰ

**ਮਾਲੇਰਕੋਟਲਾ– (ਕੁਲਵੰਤ ਸਿੰਘ ਮੁਹਾਲੀ)** ਵਧੀਕ ਡਿਪਟੀ ਕਮਿਸ਼ਨਰ ਮੈਡਮ ਨਵਰੀਤ ਕੌਰ ਸੇਖੋਂ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਚੋਣ ਅਫਸਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ 14 ਦਸੰਬਰ ਕਰਵਾਈਆਂ ਜਾਣੀਆਂ ਹਨ, ਇਸ ਲਈ ਜ਼ਿਲ੍ਹਾ ਮਾਲੇਰਕੋਟਲਾ ਵਿੱਚ ਚੋਣ ਪ੍ਰਕਿਰਿਆ ਦੇ ਲੋੜੀਂਦੇ ਪ੍ਰਬੰਧਾਂ ਹਿਤ 13 ਦਸੰਬਰ (ਦਿਨ ਸ਼ਨੀਵਾਰ) ਨੂੰ 7 ਪਬਲਿਕ ਸਕੂਲਾਂ ਵਿੱਚ ਛੁੱਟੀ ਘੋਸ਼ਿਤ ਕੀਤੀ ਗਈ ਹੈ। ਉਨਾਂ ਦੱਸਿਆ ਕਿ ਚੋਣਾਂ ਦੇ ਅਗੇਤੇ ਪ੍ਰਬੰਧਾਂ ਨੂੰ ਮੁੱਖ ਰੱਖਦਿਆਂ ਮਾਡਰਨ ਸੈਕੂਲਰ ਪਬਲਿਕ ਸਕੂਲ ਸ਼ੇਰਗੜ੍ਹ ਚੀਮਾਂ, ਗੋਲਡਨ ਇਰਾ ਮਲੇਨੀਅਮ ਸਕੂਲ ਸੁਲਤਾਨਪੁਰ ਬਧਰਾਵਾਂ, ਅਲਫਲਾ ਸਕੂਲ ਮਾਲੇਰਕੋਟਲਾ, ਭੁਪਿੰਦਰਾ



ਪਬਲਿਕ ਸਕੂਲ ਮਾਹੋਰਾਣਾ, ਸ੍ਰੀ ਨਨਕਾਣਾ ਪਬਲਿਕ ਸਕੂਲ ਰਾਮਪੁਰ ਛੰਨਾਂ, ਬਾਬਾ ਗੰਡਾ ਸਿੰਘ ਪਬਲਿਕ ਸਕੂਲ ਲਾਂਗੜੀਆਂ ਅਤੇ ਸੋਹਰਾਬ ਪਬਲਿਕ ਸਕੂਲ ਮਾਲੇਰਕੋਟਲਾ ਵਿਖੇ 13 ਦਸਬੰਰ (ਦਿਨ ਸ਼ਨੀਵਾਰ) ਨੂੰ ਛੁੱਟੀ ਰਹੇਗੀ।

# 16 ਦਸੰਬਰ ਕਬੱਡੀ ਕੱਪ ਬਰਹੀਨ

**ਬਰਹੀਨ (ਹਰਜਿੰਦਰ ਪਾਲ ਛਾਬੜਾ)** ਮੈਂ ਜੀ ਐਸ਼ ਕਲੇਰ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦਾ ਬਹੁਤ ਬਹੁਤ ਸਤਿਕਾਰ ਕਰਦਾ ਹਾਂ ਜਿਸ ਮਾਂ ਖੇਡ ਕਬੱਡੀ ਨੇ ਮੇਰੇ ਵਰਗੇ ਗਰੀਬ ਇਨਸਾਨ ਨੂੰ ਪਹਿਲੀਵਾਰ 1998 ਵਿੱਚ ਦੁਬਈ ਜਾਣ ਦਾ ਮੌਕਾ ਦਿੱਤਾ 2002 ਤੇ 2004 ਵਿੱਚ ਦੁਬਈ ਦੇ ਕਬੱਡੀ ਕੱਪਾਂ ਤੇ ਬੋਲਣ ਦਾ ਮੌਕਾ ਮਿਲਿਆ– ਉਸ ਤੋਂ ਬਾਅਦ 2007 -8 -9-10-11-16 ਵਿੱਚ ਇੰਗਲੈਂਡ ਸਰਦਾਰ ਪਿਆਰਾ ਸਿੰਘ ਗੰਮਟਾਲਾ ਜੀ ਦੀ ਬਦੌਲਤ ਕਬੱਡੀ ਦੀ ਕਮੈਂਟਰੀ ਕਰਨ ਦਾ ਮੌਕਾ ਮਿਲਿਆ । 2009-12-13-14-15-16 ਵਿੱਚ ਯੂਰਪ ਦੀ ਧਰਤੀ ਦੇ ਦਰਸ਼ਨ ਸਰਦਾਰ ਗੁਰਦਿਆਲ ਸਿੰਘ ਪੱਡਾ ਤੇ ਸਰਦਾਰ ਬਲਜੀਤ ਸਿੰਘ ਪੱਡਾ ਪਰਿਵਾਰ ਜੀ ਮਿਹਰਬਾਨੀ ਸਦਕਾ ਕਬੱਡੀ ਦੀ




ਕਮੈਂਟਰੀ ਕੀਤੀ । ਤੇ 2018 ਵਿੱਚ ਸਰਦਾਰ ਕੁਲਦੀਪ ਸਿੰਘ ਬਾਸੀ ਤੇ ਸਰਦਾਰ ਹਰਦੇਵ ਸਿੰਘ ਗਿੱਲ ਜੀ ਨੇ ਐਸਟ੍ਰੈਲੀਆ ਬਿਲਾਕੇ ਮਾਣ ਸਤਿਕ-ਾਰ ਦਿੱਤਾ । ਤੇ 2018-25 ਵਿੱਚ ਸਰਦਾਰ ਦਿਲਜੀਤ ਸਿੰਘ ਵਿਰਕ ਜੀ ਨੇ ਮੈਨੂੰ ਨਿਊਜ਼ੀਲੈਂਡ ਵਿੱਚ ਬਹੁਤ ਮਾਣ ਸਤਿਕਾਰ ਬਖਸ਼ਿਆ ਮੈਂ ਆਪਣੇ ਕਬੱਡੀ ਦੇ ਖੇਡ ਪਰਮੋਟਰਾ ਤੇ ਕਬੱਡੀ ਦੇ ਖਿਡਾਰੀਆਂ ਤੇ



ਰੱਬ ਵਰਗੇ ਦਰਸ਼ਕ ਵੀਰਾਂ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਇੰਨੇ ਯੋਗਾ ਬਣਾਇਆ । ਮੈਂ ਮੀਡੀਆ ਤੇ ਪੱਤਰਕਾਰਾਂ ਦਾ ਬਹੁਤ ਧੰਨਵਾਦ ਕਰਦਾ ਹਾਂ ਵਾਹਿਗੁਰੂ ਮਾਂ ਖੇਡ ਕਬੱਡੀ ਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰੱਖਣ ।

# ਪੀਐਨਬੀ ਦੇ ਸਕਿਊਰਟੀ ਗਾਰਡ ਨੇ ਕੈਨਰਾ ਬੈਂਕ ਦਾ ਚੋਰ ਫੜ ਕੇ ਕੀਤਾ ਪੁਲਿਸ ਹਵਾਲੇ

## ਕੁਝ ਦਿਨ ਪਹਿਲਾਂ ਹੀ ਦਿੱਤਾ ਸੀ ਵਾਰਦਾਤ ਨੂੰ ਅੰਜਾਮ

**ਸ਼ਾਹਕੋਟ (ਹਰਜਿੰਦਰ ਸਿੰਘ ਚੰਦੀ)–** ਪੀਐਨਬੀ ਸ਼ਾਹਕੋਟ ਦੇ ਸਕਿਊਰਟੀ ਗਾਰਡ ਸੁਖਦੇਵ ਸਿੰਘ ਨੇ ਡਿਊਟੀ ਦੌਰਾਨ ਨਾਮਣਾ ਖੱਟਦੇ ਹੋਏ ਸੀ ਸੀ ਟੀਵੀ ਕੈਮਰੇ ਵਿਚ ਕੈਦ ਹੋਏ ਕੈਨਰਾ ਬੈਂਕ ਵਿਚ ਚੋਰੀ ਦੀ ਘਟਨਾ ਵਿਚ ਲੋੜੀਂਦੇ ਪ੍ਰਵਾਸੀ ਚੋਰ ਨੂੰ ਫੜ ਕੇ ਪੁਲਿਸ ਹਵਾਲੇ ਕਰ ਦਿੱਤਾ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸਕਿਊਰਟੀ ਗਾਰਡ ਸੁਖਦੇਵ ਸਿੰਘ ਨੇ ਦੱਸਿਆ ਕਿ ਇਕ ਪ੍ਰਵਾਸੀ ਨੋਜਵਾਨ ਸ਼ਾਹਕੋਟ ਕੈਨਰਾ ਬੈਂਕ ਵਿਚ ਚੋਰੀ ਦੀ ਘਟਨਾ ਨੂੰ ਅੰਜਾਮ ਦੇਣ ਦੇ ਇਰਾਦੇ ਨਾਲ ਕੈਨਰਾ ਬੈਂਕ ਵਿਚ ਦਾਖਲ ਹੋ ਗਿਆ। ਜਦੋਂ ਕੈਨਰਾ ਬੈਂਕ ਵਿਚ ਇਕ ਗ੍ਰਾਹਕ ਆਪਣੇ ਪੈਸੇ ਜਮਾਂ ਕਰਵਾਉਣ ਲਈ ਆਇਆ ਤਾਂ ਇਸ ਪ੍ਰਵਾਸੀ ਚੋਰ ਨੂੰ ਉਸ ਦੇ ਕੋਟ ਦੀ ਜੇਬ ਵਿਚੋਂ ਕਰੀਬ 50





ਹਜ਼ਾਰ ਰੁਪਏ ਦੀ ਰਕਮ ਚੋਰੀ ਕਰ ਲਈ ਅਤੇ ਆਪਣੇ ਸਾਥੀ ਨਾਲ ਬਾਈਕ ਤੇ ਫਰਾਰ ਹੋ ਗਿਆ। ਇਹ ਘਟਨਾ ਬੈਕ ਵਿਚ ਲੱਗੇ ਕੈਮਰਿਆਂ ਵਿਚ ਰਿਕਾਰਡ ਹੋ ਗਈ। ਅੱਜ ਫਿਰ ਇਹੀ ਨੋਜਵਾਨ ਸ਼ੱਕੀ ਹਾਲਾਤ ਵਿੱਚ ਪੀਐਨਬੀ ਬੈਂਕ ਨਜ਼ਦੀਕ ਏ ਟੀ ਐਮ ਮਸ਼ੀਨ ਨਜ਼ਦੀਕ ਘੁੰਮਦਾ ਸਕਿਊਰਟੀ ਗਾਰਡ ਦੀ ਨਜ਼ਰ ਚੜ ਗਿਆ। ਜਿਸ ਤੇ ਬੜੀ ਹੁਸ਼ਿਆਰੀ ਨਾਲ ਸਕਿਊਰਟੀ ਗਾਰਡ ਸੁਖਦੇਵ ਸਿੰਘ ਵੱਲੋਂ ਹੁਸਿਆਰੀ ਵਰਤਦੇ ਹੋਏ ਇਸ ਪ੍ਰਵਾਸੀ ਚੋਰ ਨੂੰ ਫੜ ਲਿਆ ਅਤੇ ਮੌਕੇ ਤੇ ਪੁਲਿਸ ਹਵਾਲੇ ਕਰ ਦਿੱਤਾ। ਯਾਦ ਰਹੇ ਕਿ ਬੈਂਕਾ ਨਜ਼ਦੀਕ ਅਕਸਰ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ ਜਿਨ੍ਹਾਂ ਵਿਚ ਔਰਤਾਂ ਅਤੇ ਮਰਦਾਂ ਦਾ ਗ੍ਰੋਹ ਕਾਫੀ ਚਰਚਾ ਵਿਚ ਹੈ। ਹੁਣ ਤੱਕ ਅਨੇਕਾਂ ਕਸਟਮਰਾ ਦੀਆਂ ਜੇਬਾਂ ਕੱਟੀਆਂ ਜਾ ਚੁਕੀਆਂ ਹਨ। ਇਸ ਲਈ ਬੈਕ ਮਨੈਜਰ ਵੱਲੋਂ ਖਾਸ ਤਗੀਦ ਕੀਤੀ ਗਈ ਹੈ ਕਿ ਪਬਲਿਕ ਹੁਸ਼ਿਆਰੀ ਤੋਂ ਕੰਮ ਲਵੇ ਅਤੇ ਪੂਰੀ ਤਰਾਂ ਸੁਚੇਤ ਹੋ ਕੇ ਲੈਣ ਦੇਣ ਕਰੇ। ਤਾਂ ਕਿ ਅਜਿਹੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ। ਫੜਿਆ ਗਿਆ ਪ੍ਰਵਾਸੀ ਗੋਨਿਆਣੇ ਮੰਡੀ ਜ਼ਿਲ੍ਹਾ ਬਠਿੰਡਾ ਦਾ ਦੱਸਿਆ ਜਾ ਰਿਹਾ ਹੈ।

# ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ ਦੇ ਉਮੀਦਵਾਰ ਆਪੋ ਆਪਣੇ ਚੋਣ ਪ੍ਰਚਾਰ ਸਮੱਗਰੀ ਤੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਅਤੇ ਸ਼ਹੀਦ ਭਗਤ ਸਿੰਘ ਜੀ ਨੂੰ ਭੁੱਲ ਗਏ : ਪ੍ਰਦੀਪ ਜੱਸੀ

**ਬੰਗਾ ( ਚਰਨਜੀਤ ਸੱਲ੍ਹਾਂ )** ਆਮ ਆਦਮੀ ਪਾਰਟੀ ਇੱਕ ਪਾਸੇ ਸਰਕਾਰੀ ਦਫਤਰਾਂ ਵਿੱਚ ਡਾਕਟਰ ਅੰਬੇਡਕਰ ਜੀ ਅਤੇ ਸ਼ਹੀਦ ਭਗਤ ਸਿੰਘ ਜੀ ਦੀਆਂ ਤਸਵੀਰਾਂ ਲਾ ਕੇ ਲੋਕਾਂ ਨੂੰ ਇਹ ਦੱਸਣ ਦਾ ਯਤਨ ਕਰ ਰਹੀ ਹੈ ਕਿ ਅਸੀਂ ਇਹਨਾਂ ਮਹਾਂਪੁਰਸ਼ਾਂ ਦੀ ਸੋਚ ਮੁਤਾਬਿਕ ਚਲਦੇ ਹਾਂ ਪਰ ਅਸਲ ਵਿੱਚ ਇਹ ਆਮ ਆਦਮੀ ਪਾਰਟੀ ਇਸ ਸੱਚਾਈ ਤੋਂ ਕੋਹਾਂ ਦੂਰ ਹੈ। ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ ਦੇ ਉਮੀਦਵਾਰ ਜੋ ਜਿਲ੍ਹਾ ਪ੍ਰੀਸ਼ਦ ਖਟਕੜਕਲਾਂ ਜੋਨ ਅਤੇ ਬਲਾਕ ਸੰਮਤੀ ਜੋਨ ਗੁਣਾਚੌਰ ਤੋਂ ਇਸ ਸਮੇਂ ਚੋਣ ਲੜ ਰਹੇ ਹਨ ਉਹਨਾਂ ਦੇ ਚੋਣ ਪ੍ਰਚਾਰ ਦੇ ਪੋਸਟਰਾਂ ਤੇ ਬਾਬਾ ਸਾਹਿਬ ਜੀ ਅਤੇ ਸ਼ਹੀਦ ਭਗਤ ਸਿੰਘ ਦੀ ਤਸਵੀਰ ਗਾਇਬ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਇਹ ਦੋਵੇਂ ਪਾਰਟੀਆਂ ਦਾ ਬਾਬਾ ਸਾਹਿਬ ਜੀ ਅਤੇ ਸ਼ਹੀਦ ਭਗਤ ਸਿੰਘ ਜੀ ਨਾਲ ਕੋਈ ਪਿਆਰ ਨਹੀ । ਇਹ ਵਿਚਾਰ ਬਸਪਾ ਦੇ ਸੀਨੀਅਰ ਆਗੂ ਸ਼੍ਰੀ ਪ੍ਰਦੀਪ



ਜੱਸੀ ਨੇ ਪਿੰਡ ਝਿੰਗੜਾਂ ਵਿਖੇ ਵਿਜੇ ਗੁਣਾਚੌਰ ਬਸਪਾ ਉਮੀਦਵਾਰ ਦੀ ਚੋਣ ਮੀਟਿੰਗ ਵਿੱਚ ਕਹੇ ਅਤੇ ਸਮੂੰਹ ਸੰਗਤਾਂ ਨੂੰ ਬੇਨਤੀ ਕਰਦਿਆਂ ਕਿਹਾ ਤੁਸੀਂ ਇਸ ਵਾਰ ਵੱਡੇ ਪੱਧਰ ਤੇ ਬਸਪਾ ਉਮੀਦਵਾਰਾਂ ਨੂੰ ਜਿਤਾਓ ਤਾਂ ਕਿ ਬਲਾਕ ਬੰਗਾ ਦੇ ਹਰ ਇੱਕ ਪਿੰਡ ਵਾਸਤੇ ਵਧੀਆ ਕਾਰਗੁਜਾਰੀ ਕੀਤੀ ਜਾ ਸਕੇ। ਇਸ ਮੌਕੇ ਬਸਪਾ ਆਗੂ ਸ਼੍ਰੀ ਜੱਸੀ ਤੋਂ ਇਲਾਵਾ ਬਸਪਾ ਦੇ ਨੌਜਵਾਨ ਆਗੂ ਅਤੇ ਸਾਬਕਾ ਜਿਲ੍ਹਾ ਇੰਚਾਰਜ ਸ਼੍ਰੀ ਵਿਜੇ ਮਜਾਰੀ, ਉਮੀਦਵਾਰ ਵਿਜੇ ਗੁਣਾਚੌਰ, ਮਿਸ਼ਨਰੀ ਕਲਾਕਾਰ ਰਾਜ ਦਦਰਾਲ ਜੀ,ਜਗਦੀਸ਼ ਗੁਰੂ ਗੁਣਾਚੌਰ, ਮੱਖਣ ਜੀ, ਕੁਲਦੀਪ ਜੀ ਨੰਬਰਦਾਰ ਚਰਨਜੀਤ ਸੱਲਾਂ, ਸਾਬਕਾ ਸਰਪੰਚ ਬਾਬੂ ਅਜੀਤ ਰਾਮ ਜੀ ਅਤੇ ਵੱਡੀ ਗਿਣਤੀ ਵਿੱਚ ਮਰਦ ਅਤੇ ਔਰਤਾਂ ਸ਼ਾਮਿਲ ਹੋਏ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਅਤੇ ਸੈਮੀਨਾਰ

**ਬੰਗਾ (ਚਰਨਜੀਤ ਸੱਲ੍ਹਾਂ)** ਮਾਣਯੋਗ ਸ੍ਰੀਮਤੀ ਪ੍ਰਿਆ ਸੂਦ ਜੀ ਜਿਲ੍ਹਾ ਅਤੇ ਸੈਸ਼ਨ ਜੱਜ- ਕਮ- ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਡਾ. ਅਮਨਦੀਪ ਸਿੰਘ ਸੀ.ਜੇ.ਐਮ -ਕਮ- ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਬੀ.ਐਸ. ਨਗਰ ਦੀ ਅਗਵਾਈ ਹੇਠ ਜਿਲ੍ਹੇ ਵਿੱਚ ਇੱਕ ਵਿਸ਼ੇਸ਼ ਮੁਹਿੰਮ "ਯੂਥ ਅਗੇਂਸਟ ਡਰੱਗਜ਼ (ਨਸ਼ਿਆਂ ਵਿਰੁੱਧ ਯੁਵਾ)' ਆਰੰਭ ਕੀਤੀ ਹੋਈ ਹੈ ਜੋ ਕਿ ਮਿਤੀ 06 ਦਸੰਬਰ 2025 ਤੋਂ 06 ਜਨਵਰੀ 2026 ਤੱਕ ਚੱਲੇਗੀ । ਇਸ ਦੇ ਸਬੰਧ ਵਿੱਚ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਟੀਮ ਵੱਲੋਂ ਅੱਜ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਅਤੇ ਸੈਮੀਨਾਰ ਕਰਵਾਇਆ ਗਿਆ । ਇਸ ਮੌਕੇ ਪੈਰਾ ਲੀਗਲ ਵਲੰਟੀਅਰਜ਼ ਸ੍ਰੀ ਅਵਤਾਰ ਚੰਦ ਚੁੰਬਰ, ਰਵਜੋਤ ਸਿੰਘ ਚੁੰਬਰ ਅਤੇ ਮੈਡਮ ਜਸਵਿੰਦਰ ਕੌਰ ਰਾਣੀ ਨੇ ਨਰਸਿੰਗ ਵਿਦਿਆਰਥੀਆਂ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ । ਉਨ੍ਹਾਂ ਨੇ ਵਿਦਿਆਰਥੀਆਂ ਨੂੰ "ਨਸ਼ਿਆਂ ਵਿਰੁੱਧ ਯੁਵਾ" ਮੁਹਿੰਮ ਤਹਿਤ ਨਸ਼ਿਆਂ ਦੀ ਦੁਰਵਰਤੋਂ ਦੇ ਖ਼ਤਰਿਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ । ਉਹਨਾਂ ਦੱਸਿਆ ਕਿ ਨਸ਼ਿਆਂ ਵਿਰੁੱਧ ਇਹ ਜਾਗਰੂਕਤਾ ਮੁਹਿੰਮ ਮਾਣਯੋਗ ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ 6 ਦਸੰਬਰ 2025 ਤੋਂ ਲੈ ਕੇ 6




**ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਮੌਕੇ ਦੀ ਯਾਦਗਾਰੀ ਤਸਵੀਰ**

ਜਨਵਰੀ 2026 ਤੱਕ ਚਲੇਗੀ । ਉਹਨਾਂ ਨੇ ਵਿਦਿਆਰਥੀਆਂ ਨੂੰ ਉਹਨਾਂ ਦੇ ਅਧਿਕਾਰਾਂ, ਸਿੱਖਿਆ ਦਾ ਅਧਿਕਾਰ, ਪੋਕਸੋ ਐਕਟ 2012, ਚਾਈਲਡ ਹੈਲਪ ਲਾਈਨ ਨੰਬਰ ਬਾਰੇ ਵੀ ਜਾਗਰੂਕ ਕੀਤਾ ਗਿਆ । ਇਸ ਮੌਕੇ ਮੈਡਮ ਰਮਨਦੀਪ ਕੌਰ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਨੇ ਕਾਲਜ ਵਿਖੇ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨਸ਼ਿਆਂ ਵਿਰੁੱਧ ਰੈਲੀ ਅਤੇ ਵਿਸ਼ੇਸ਼ ਸੈਮੀਨਾਰ ਕਰਕੇ ਵਿਦਿਆਰਥੀਆਂ ਨੂੰ ਜਾਗਰੁਕ ਕਰਨ ਲਈ ਧੰਨਵਾਦ ਕੀਤਾ । ਇਸ ਸੈਮੀਨਾਰ ਵਿਚ ਕਾਲਜ ਵਿਦਿਆਰਥੀਆਂ ਮਨਰੀਤ ਕੌਰ ਜੀ.ਐਨ.ਐਮ. (ਦੂਜਾ ਸਾਲ), ਤਰਨਪ੍ਰੀਤ ਕੌਰ ਬੀ.ਐਸ.ਸੀ. ਨਰਸਿੰਗ (ਚੌਥਾ ਸਾਲ) ਅਤੇ ਅਮਨੀਤ ਕੌਰ ਜੀ.ਐਨ.ਐਮ. (ਤੀਜਾ ਸਾਲ) ਨੇ ਨਸ਼ਿਆਂ ਅਤੇ ਹੋਰ ਬੁਰਾਈਆਂ ਖਿਲਾਫ ਗੀਤ, ਕਵਿਤਾ ਅਤੇ ਗੀਤ ਪੇਸ਼ ਕਰਕੇ ਨਾਲ ਸਮੂਹ ਸਰੋਤਿਆਂ ਦਾ ਮਨ ਮੋਹ ਲਿਆ। ਇਸ ਮੌਕੇ ਮੈਡਮ ਸੁਖਮਿੰਦਰ ਕੌਰ ਊਬੀ, ਮੈਡਮ ਮਨਿੰਦਰ ਕੌਰ, ਮੈਡਮ ਰੋਜ਼ਾ ਗਰੇਵਾਲ, ਮੈਡਮ ਜਸਬੀਰ ਕੌਰ, ਮੈਡਮ ਹਰਲੀਨ ਕੌਰ, ਮੁਹੰਮਦ ਯੂਨਸ ਵਾਨੀ ਅਤੇ ਆਕੀਬ ਮੁਹੰਮਦ ਵੀ ਹਾਜ਼ਰ ਸਨ। ਇਸ ਤੋਂ ਪਹਿਲਾਂ ਇਸ ਮੌਕੇ ਕਾਲਜ ਵਿਦਿਆਰਥੀਆਂ ਨੇ ਨਸ਼ਾ ਵਿਰੋਧੀ ਬੈਨਰ ਅਤੇ ਪੋਸਟਰਾਂ ਨਾਲ ਕਾਲਜ ਤੋਂ ਚੱਲ ਕੇ ਢਾਹਾਂ ਕਲੇਰਾਂ ਕਲੋਨੀ ਵਿੱਚ ਜੀ ਟੀ ਰੋਡ ਤੇ ਨਸ਼ਿਆਂ ਵਿਰੁੱਧ ਰੈਲੀ ਕੱਢੀ ਅਤੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੁਕ ਕੀਤਾ ।

# ਪੰਜਾਬ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣ ਚਰਨ ਸੀਮਾਂ ਪਹੁੰਚ ਚੁੱਕੀ ਹੈ : ਪ੍ਰਵੀਨ ਬੰਗਾ,ਬਸਰਾ

**ਬਹਿਰਾਮ (ਚਰਨਜੀਤ ਸੱਲ੍ਹਾਂ):**-ਪੰਜਾਬ ਵਿੱਚ ਜ਼ਿਲਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣ ਚਰਨ ਸੀਮਾ ਉੱਤੇ ਪਹੁੰਚ ਚੁੱਕੀ ਹੈ ਜਿਸ ਤਹਿਤ ਬਹੁਜਨ ਸਮਾਜ ਪਾਰਟੀ ਨੇ ਆਪਣੀ ਪੂਰੀ ਤਾਕਤ ਚੋਣਾਂ ਵਿੱਚ ਝੋਕ ਦਿੱਤੀ ਹੈ । ਹਰਪ੍ਰੀਤ ਕੌਰ ਉਮੀਦਵਾਰ ਜ਼ਿਲਾ ਪ੍ਰੀਸ਼ਦ ਕੁਲਥਮ ਜੋਨ ਅਤੇ ਚਰਨਜੀਤ ਮੰਢਾਲੀ ਉਮੀਦਵਾਰ ਬਲਾਕ ਸੰਮਤੀ ਕੁਲਥਮ ਜੋਨ ਦੇ ਹੱਕ ਵਿੱਚ ਗਰਮਜੋਸ਼ੀ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ । ਪਰਵੀਨ ਬੰਗਾ ਜਨਰਲ ਸਕੱਤਰ ਬਸਪਾ ਪੰਜਾਬ ਅਤੇ ਹਰਬਲਾਸ ਬਸਰਾ ਨੇ ਵੱਖ ਵੱਖ ਪਿੰਡਾਂ ਵਿੱਚ ਚੋਣ ਮੁਹਿੰਮ ਦੌਰਾਨ ਬਸਪਾ ਉਮੀਦਵਾਰਾਂ ਦੇ ਹਾਥੀ ਚੋਣ ਨਿਸ਼ਾਨ ਉੱਤੇ ਵੋਟਾਂ ਪਾ ਕੇ ਜਿਤਾਉਣ ਲੋਕਾਂ ਨੂੰ ਅਪੀਲ ਕੀਤੀ । ਹੋਰ ਪਾਰਟੀਆਂ ਨੇ ਪੰਜਾਬ ਨੂੰ ਲੁੱਟਣ ਤੋਂ ਸਿਬਾਏ ਕੁਝ ਨਹੀਂ ਕੀਤਾ । ਬਸਪਾ ਹੀ ਲੋਕ ਹਿਤੈਸ਼ੀ ਪਾਰਟੀ ਹੈ । ਇਸ ਮੌਕੇ ਪਰਵੀਨ ਬੰਗਾ, ਹਰਬਲਾਸ ਬਸਰਾ, ਹਰਪ੍ਰੀਤ





ਕੌਰ ਜੰਡਿਆਲੀ, ਚਰਨਜੀਤ ਮੰਢਾਲੀ, ਹਰਜਿੰਦਰ ਜੰਡਿਆਲੀ, ਮਲਕੀਤ ਮੰਢਾਲੀ, ਕੁਲਵਿੰਦਰ ਗੋਰਾ, ਇੰਜ. ਸੁਰਜੀਤ ਸਿੰਘ, ਦੇਸ ਰਾਜ, ਕੁੰਦਨ ਰਾਜ, ਰਾਕੇਸ਼ ਕੁਲਥਮ, ਲੇਖ ਰਾਜ, ਸੁਰਜੀਤ ਕੁਲਥਮ, ਗਣਪੱਤ ਮੇਹਲੀ, ਅਮਰੀਕ ਚੱਕ ਮਾਈਦਾਸ, ਵਿਜੈ ਕੁਮਾਰ, ਡਾ. ਸੋਨੂੰ ਨਰ, ਹੇਮ ਰਾਜ ਆਦਿ ਹਾਜ਼ਰ ਸਨ।

# ਬੀਬੀ ਕਾਕੜ ਕਲਾਂ ਨੇ ਵਿਧਾਨ ਸਭਾ ਹਲਕਾ ਸ਼ਾਹਕੋਟ ਤੋਂ ਨਿਧੜਕ ਹੋ ਕੇ ਠੋਕੀ ਟਿਕਟ ਦੀ ਦਾਅਵੇਦਾਰੀ

**ਜਲੰਧਰ ( ਪੱਤਰ ਪ੍ਰੇਰਕ )**-ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੂੰ ਭਾਵੇਂ ਇਕ ਸਾਲ ਤੋਂ ਵੀ ਵੱਧ ਸਮਾਂ ਬਾਕੀ ਹੈ ਪਰ ਇਸ ਨੂੰ ਲੈ ਕੇ ਹੁਣ ਤੋਂ ਹੀ ਸਿਆਸਤ ਭੱਖਣੀ ਸ਼ੁਰੂ ਹੋ ਗਈ ਹੈ। ਇਸੇ ਤਹਿਤ ਆਮ ਆਦਮੀ ਪਾਰਟੀ ਦੀ ਮੁਹਿੰਮ ਦੇ ਸ਼ੁਰੂਆਤੀ ਦੌਰ ਵਿਚਾਲੇ ਲੋਕਾਂ ਦੀ ਭਲਾਈ ਲਈ ਦੁਬਈ ਤੋਂ ਪਰਤੇ ਰਤਨ ਸਿੰਘ ਕਾਕੜ ਕਲਾਂ ਦੀ ਪਤਨੀ ਨੇ ਸ਼ਾਹਕੋਟ ਹਲਕੇ ਤੋਂ ਟਿਕਟ ਦੀ ਦਾਅਵੇਦਾਰੀ ਠੋਕ ਦਿੱਤੀ ਹੈ। ਰਤਨ ਸਿੰਘ ਕਾਕੜ ਕਲਾਂ ਨੇ ਇਲਾਕੇ ਦੇ ਵਿਕਾਸ ਦੇ ਜਿਹੜੇ ਸੁਪਨੇ ਵੇਖੇ ਸੀ, ਉਨ੍ਹਾਂ ਦੀ ਮੌਤ ਮਗਰੋਂ ਹੁਣ ਉਨ੍ਹਾਂ ਦੀ ਧਰਮਪਤਨੀ ਰਣਜੀਤ ਕੌਰ ਕਾਕੜ ਕਲਾਂ ਉਨ੍ਹਾਂ ਸੁਪਨਿਆਂ ਨੂੰ ਪੂਰਾ ਕਰਨ ਲਈ ਯਤਨਸ਼ੀਲ ਹੈ।




ਪ੍ਰੈਸ ਨਾਲ ਵਿਸ਼ੇਸ਼ ਇੰਟਰਵਿਊ ਦੌਰਾਨ ਉਨ੍ਹਾਂ ਨੇ 'ਆਪ' ਲੀਡਰਸ਼ਿਪ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਪਰਿਵਾਰ ਵੱਲੋਂ ਕੀਤੇ ਕੰਮਾਂ ਨੂੰ ਮੁੱਖ ਰੱਖਦਿਆਂ ਨਾ ਸਿਰਫ਼ ਉਨ੍ਹਾਂ ਨੂੰ ਸ਼ਾਹਕੋਟ ਹਲਕੇ ਦਾ ਇੰਚਾਰਜ ਐਲਾਨਿਆ ਜਾਵੇ, ਸਗੋਂ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਟਿਕਟ ਵੀ ਦਿੱਤੀ ਜਾਵੇ। ਪੇਸ਼ ਨੇ ਪ੍ਰੈਸ ਵੱਲੋਂ ਕੀਤੇ ਸਵਾਲ ਜਵਾਬ

**-ਤੁਸੀਂ ਦੁਬਈ ਛੱਡ ਕੇ ਪੰਜਾਬ ਕਿਵੇਂ ਪਰਤੇ ਤੇ ਫਿਰ ਆਮ ਆਦਮੀ ਪਾਰਟੀ ਨਾਲ ਕਿਵੇਂ ਜੁੜੇ ?**

- ਅਸੀਂ ਦੋਵੇਂ ਮਿਹਨਤਕਸ਼ ਪਰਿਵਾਰ ਤੋਂ ਸੀ । ਮੈਂ ਇਕ ਕਾਨੂੰਨਗੋ ਦੀ ਧੀ ਸੀ ਅਤੇ ਸਰਦਾਰ ਸਾਹਿਬ (ਰਤਨ ਸਿੰਘ) ਵੀ ਬਹੁਤ ਗਰੀਬੀ ਵਿਚੋਂ ਉੱਠੇ ਸਨ ਕ ਅਸੀਂ ਸੋਚਿਆ ਕਿ ਅਸੀਂ ਬਹੁਤ ਪੈਸਾ ਕਮਾ ਲਿਆ ਹੈ ਅਤੇ ਬੱਚੇ ਡਾਕਟਰ-ਇੰਜੀਨੀਅਰ ਬਣਾ ਲਏ ਹਨ, ਇਸ ਲਈ ਹੁਣ ਵਾਪਸ ਜਾ ਕੇ ਆਪਣੇ ਪਿੰਡ, ਸਮਾਜ ਅਤੇ ਦੇਸ਼ ਦੀ ਸੇਵਾ ਕਰੀਏ। ਅਸੀਂ 2012 ਵਿਚ ਪੰਜਾਬ ਆ ਗਏ ਸੀ। ਅਸੀਂ ਸਿਰਫ਼ ਸਮਾਜ ਸੇਵਾ ਲਈ ਆਏ ਸੀ। ਇੱਥੇ ਮੇਰੇ ਪਤੀ ਨੇ ਇਕ ਮਿਸ ਕਾਲ ਦੇ ਕੇ ਆਮ ਆਦਮੀ ਪਾਰਟੀ ਦੀ ਮੈਂਬਰਸ਼ਿਪ ਲੈ ਲਈ ਤੇ ਮੈਨੂੰ ਵੀ ਪਾਰਟੀ ਵਿਚ ਸ਼ਾਮਲ ਕਰਵਾਇਆ । ਮੈਂ ਸ਼ੁਰੂ ਵਿਚ ਸਿਆਸਤ 'ਚ ਨਹੀਂ ਸੀ ਜਾਣਾ ਚਾਹੁੰਦੀ। ਪਾਰਟੀ ਵਿਚ ਸ਼ਾਮਲ ਹੋਣ ਤੋਂ ਬਾਅਦ ਉਨ੍ਹਾਂ ਦਾ ਦੁਬਈ ਵਿਚ ਚੱਲ ਰਹੇ ਕੈਸਟੈਕਸ਼ਨ ਦੇ ਕਾਰੋਬਾਰ ਤੋਂ ਧਿਆਨ ਘੱਟ ਗਿਆ ਤੇ ਪੂਰਾ ਧਿਆਨ ਪਾਰਟੀ ਵੱਲ ਹੋ ਗਿਆ ਤੇ ਸਾਰਾ-ਸਾਰਾ ਦਿਨ ਉਹ ਲੋਕਾਂ ਵਿਚ ਹੀ ਵਿਚਰਦੇ ਰਹਿੰਦੇ ਸੀ।

ਉਨ੍ਹਾਂ ਨੇ 2013 ਵਿਚ ਦੁਬਈ ਦਾ ਕਾਰੋਬਾਰ ਬੰਦ ਕਰ ਦਿੱਤਾ ਤੇ ਪਾਰਟੀ ਨੂੰ ਆਪਣਾ 100 ਫ਼ੀਸਦੀ ਦੇ ਦਿੱਤਾ। ਇਸ ਕਾਰਨ ਸਾਡੇ ਘਰ ਲੜਾਈ ਵੀ ਰਹਿਣ ਲੱਗ ਪਈ ਸੀ।

**-ਦੋਹਾਂ ਚੋਣਾਂ ਵਿਚ ਰਤਨ ਸਿੰਘ ਦੀ ਹਾਰ ਦਾ ਕਾਰਨ ਕੀ ਮੰਨਦੇ ਹੋ?**

-ਉਹ ਚੋਣਾਂ ਹਾਰਨ ਦਾ ਮੁੱਖ ਕਾਰਨ ਮੈਂ ਆਪਣੇ-ਆਪ ਨੂੰ ਮੰਨਦੀ ਹਾਂ। ਅਸੀਂ ਚੋਣਾਂ ਵਿਚ ਸ਼ਰਾਬ ਅਤੇ ਪੈਸਾ ਬਿਲਕੁਲ ਵੀ ਨਹੀਂ ਵੰਡੇ। ਹਾ ਜੇ ਮੈਨੂੰ ਪਾਰਟੀ ਵੱਲੋਂ ਕੋਈ ਜ਼ਿੰਮੇਵਾਰੀ ਨਹੀਂ ਵੀ ਦਿੱਤੀ ਜਾਂਦੀ, ਫਿਰ ਵੀ ਮੈਂ ਪਾਰਟੀ ਦੀ ਮਦਦ ਕਰਦੀ ਰਹਾਂਗੀ। ਸਾਡੀ ਸਰਕਾਰ ਨੇ ਬਾਕੀਆਂ ਨਾਲੋਂ ਬਹੁਤ ਜ਼ਿਆਦਾ ਕੰਮ ਕੀਤਾ ਹੈ ਤੇ 2027 ਵਿਚ ਦੀ ਸਾਡੀ ਹੀ ਸਰਕਾਰ ਆਵੇਗੀ। ਮੇਂ ਪਾਰਟੀ ਹਾਈਕਮਾਨ ਨੂੰ ਅਪੀਲ ਕਰਦੀ ਹਾਂ ਕਿ ਉਹ ਮੇਰੇ ਕੰਮਾਂ ਨੂੰ ਦੇਖੋ ਅਤੇ ਇਕ ਸਰਦੇ ਕਰਵਾਏ। ਜੋ ਔਰਤ ਇਕ ਪਰਿਵਾਰ ਨੂੰ ਸੰਭਾਲ ਸਕਦੀ ਹੈ ਤਾਂ ਉਹ ਇਲਾਕੇ ਤੇ ਦੇਸ਼ ਨੂੰ ਵੀ ਸੰਭਾਲ ਸਕਦੀ ਹੈ। ਮੈਂ ਵਿੱਤੀ ਤੌਰ 'ਤੇ ਮਜ਼ਬੂਤ ਹਾਂ ਤੇ ਬਿਨਾਂ ਕਿਸੇ ਅਹੁਦੇ ਤੋਂ ਵੀ ਲੋਕਾਂ ਦੀ ਨਿੱਜੀ ਤੌਰ 'ਤੇ ਮਦਦ ਕਰ ਰਹੀ ਹਾਂ। ਹਾ ਮੈ ਸੋ ਖਾ ਕੇ ਕਹਿ ਸਕਦੀ ਹਾਂ ਕਿ ਅਸੀਂ ਇਕ ਬੋਤਲ ਵੀ ਸ਼ਰਾਬ ਦੀ ਕਿਸੇ ਨੂੰ ਨਹੀਂ ਵੰਡੀ। ਇਕ ਹੋਰ ਵੱਡਾ ਨੁਕਸਾਨ ਇਹ ਹੋਇਆ ਕਿ 2017 ਦੇ ਉਮੀਦਵਾਰ ਅਮਰਜੀਤ ਸਿੰਘ ਥਿੰਦ ਦਾ ਪਾਰਟੀ ਛੱਡ ਕੇ ਜਾਣਾ ਸਾਡੇ ਲਈ ਨੈਗੇਟਿਵ ਪੁਆਇੰਟ ਬਣ ਗਿਆ। ਜਦੋਂ ਅਸੀਂ ਪ੍ਰਚਾਰ ਕਰਨ ਜਾਂਦੇ ਸੀ ਤਾਂ ਲੋਕ ਦਰਵਾਜ਼ੇ ਬੰਦ ਕਰ ਲੈਂਦੇ ਸਨ । ਫਿਰ ਵੀ ਸਾਨੂੰ 30 ਹਜ਼ਾਰ ਵੋਟਾਂ ਪਈਆਂ ਸਨ । ਇਨ੍ਹਾਂ ਲੋਕਾਂ ਨੇ ਦਿਲੋਂ ਸਾਡਾ ਸਾਥ ਦਿੱਤਾ ਸੀ।

**ਰਤਨ ਸਿੰਘ ਦੀ ਮੌਤ ਤੋਂ ਬਾਅਦ ਆਪਣਾ ਸਿਆਸੀ ਭਵਿੱਖ ਕਿਵੇਂ ਵੇਖਦੇ ਹੋ ?**

- ਮੈਂ ਉਨ੍ਹਾਂ ਨਾਲ ਮਿਲ ਕੇ ਪੂਰੇ ਇਲਾਕੇ ਵਿਚ ਵਿਚਰੀ ਹਾਂ, ਇਕੱਲੇ-ਇਕੱਲੇ ਘਰ ਵਿਚ ਗਈ ਹਾਂ ਅਤੇ ਲੋਕ ਮੈਨੂੰ ਬਹੁਤ ਪਿਆਰ ਕਰਦੇ ਹਨ। ਉਨ੍ਹਾਂ ਦੀ ਮੌਤ ਤੋਂ ਬਾਅਦ ਸਾਡੇ ਘਰ ਨੂੰ, ਪਿੰਡ ਨੂੰ ਅਤੇ ਸ਼ਾਹਕੋਟ ਨੂੰ ਬਹੁਤ ਨੁਕਸਾਨ ਹੋਇਆ। ਮੈਂ ਉਨ੍ਹਾਂ ਦੇ ਅਧੂਰੇ ਸੁਪਨੇ ਨੂੰ ਪੂਰਾ ਕਰਨਾ ਚਾਹੁੰਦੀ ਹਾਂ । ਉਹ ਜਿਉਂਦੇ ਜੀਅ ਵੀ ਇਹ ਗੱਲ ਕਹਿੰਦੇ ਸੀ ਕਿ 2027 ਦੀ ਚੋਣ ਤੂੰ ਹੀ ਲੜੀ, ਕਿਉਂਕਿ ਲੋਕ ਮੇਰੇ ਨਾਲ ਜ਼ਿਆਦਾ ਤੈਨੂੰ ਪਛਾਣਨ ਲੱਗ ਪਏ ਹਨ । ਮੈਂ ਉਨ੍ਹਾਂ ਵੱਲੋਂ ਲਾਏ ਬੂਟੇ ਨੂੰ ਪਿਛਲੇ ਦੋ ਸਾਲਾਂ ਤੋਂ ਪਾਲ ਰਹੀ ਹਾਂ । ਹੁਣ ਉਸ ਬੂਟੇ ਨੂੰ ਫਲ ਲੱਗਣ ਦਾ ਸਮਾਂ ਆਇਆ ਹੈ ਤੇ ਮੈਂ ਇਲਾਕੇ ਦੇ ਵਿਕਾਸ ਦੇ ਸੁਪਨੇ ਪੂਰੇ ਕਰਨੇ ਚਾਹੁੰਦੀ ਹਾਂ। ਜੇ ਇਕ ਔਰਤ ਆਪਣੇ ਪਰਿਵਾਰ ਨੂੰ ਸੰਭਾਲ ਸਕਦੀ ਹੈ, ਆਪਣੇ ਚਾਰ ਬੱਚਿਆਂ (ਦੋ ਡਾਕਟਰ, ਦੋ ਇੰਜੀਨੀਅਰ ਨੂੰ ਪੜ੍ਹਾ-ਲਿਖਾ ਸਕਦੀ ਹੈ, ਤਾਂ ਉਹ ਇਕ ਇਲਾਕੇ ਨੂੰ ਵੀ ਸੰਭਾਲ ਸਕਦੀ ਹੈ। ਮੇਰੇ ਬੱਚਿਆਂ ਨੇ ਵੀ ਮੇਰੇ ਇਸ ਫ਼ੈਸਲੇ ਦਾ ਸਮਰਥਨ ਕੀਤਾ ਹੈ।



*** 2027 ਦੀ ਚੋਣ ਲੜਨ ਦਾ ਫੈਸਲਾ ਤੁਹਾਡਾ ਆਪਣਾ ਹੈ ਜਾਂ ਪਾਰਟੀ ਵੱਲੋਂ ਵੀ ਤੁਹਾਨੂੰ ਕੋਈ ਹੁੰਗਾਰਾ ਦਿੱਤਾ ਗਿਆ ਹੈ ?**

-ਟਿਕਟ ਦਾ ਫੈਸਲਾ ਪਾਰਟੀ ਹਾਈਕਮਾਨ ਨੇ ਕਰਨਾ ਹੈ। ਮੇਰੇ ਪਤੀ ਨੇ ਇਲਾਕੇ ਲਈ ਬਹੁਤ ਕੰਮ ਕੀਤਾ ਸੀ ਤੇ ਆਪਣੀ ਮਿਹਨਤ ਦੀ ਕਮਾਈ ਦਾ ਪੈਸਾ ਲੋਕਾਂ ਲਈ ਖਰਚਿਆ ਸੀ। ਟਿਕਟ 'ਤੇ ਸਾਡਾ ਹੱਕ ਬਣਦਾ ਹੈ। ਅਸੀਂ ਪਾਰਟੀ ਦੇ ਲਈ ਤੇ ਸ਼ਾਹਕੋਟ ਦੇ ਵਿਕਾਸ ਲਈ ਤਿੰਨ ਕਰੋੜ ਰੁਪਏ ਖਰਚ ਚੁੱਕੇ ਹਾਂ । ਅਸੀਂ ਸਮਾਜ ਸੇਵਾ ਉਦੋਂ ਤੋਂ ਕਰ ਰਹੇ ਹਾਂ ਜਦੋਂ ਅਸੀਂ ਪਾਰਟੀ ਵਿਚ ਸ਼ਾਮਲ ਵੀ ਨਹੀਂ ਸੀ ਹੋਏ। ਅਸੀਂ ਗਰੀਬ ਧੀਆਂ ਦੇ ਵਿਆਹ ਕੀਤੇ, ਬੱਚਿਆਂ ਦੀਆਂ ਫੀਸਾਂ ਭਰੀਆਂ ਅਤੇ ਕਾਕੜ ਕਲਾਂ ਪਿੰਡ ਵਿਚ 22 ਗਰੀਬ ਘਰਾਂ ਨੂੰ 5-5 ਮਰਲੇ ਦੇ ਪਲਾਟ ਦਿੱਤੇ ਤੇ ਉਨ੍ਹਾਂ ਨੂੰ ਘਰ ਬਣਾਉਣ ਲਈ ਨਕਸ਼ੇ ਤਕ ਬਣਵਾ ਕੇ ਦਿੱਤੇ ਤੇ ਘਰ ਬਣਵਾਉਣ ਵਿਚ ਵੀ ਵਿੱਤੀ ਸਹਾਇਤਾ ਕੀਤੀ । ਹੜ੍ਹਾਂ ਦੌਰਾਨ ਅਸੀਂ ਆਪਣੀ ਇਕ ਕਿੱਲਾ ਜ਼ਮੀਨ ਦਿੱਤੀ। ਮੈਂ ਪਤੀ ਦੀ ਮੌਤ ਤੋਂ ਬਾਅਦ ਹਾਰ



ਨਹੀਂ ਮੰਨੀ, ਸਗੋਂ ਇਲਾਕੇ 'ਚ ਵਿਚਰ ਰਹੀ ਹਾਂ। ਉਨ੍ਹਾਂ ਦੀ ਯਾਦ ਵਿਚ ਮੈਂ 13 ਲੱਖ ਰੁਪਏ ਲਾ ਕੇ ਐਜੂਕੇਸ਼ਨਲ ਪਾਰਕ ਬਣਵਾਇਆ ਅਤੇ 20 ਲੱਖ ਰੁਪਏ ਲਗਾ ਕੇ ਓਪਨ ਜਿਮ ਬਣਾਇਆ । ਹੜ੍ਹਾਂ ਦੌਰਾਨ 4 ਲੱਖ ਦੀਆਂ ਤਰਪਾਲਾਂ ਵੰਡੀਆਂ ਅਤੇ ਆਪਣੇ ਪੈਟਰੋਲ ਪੰਪ ਤੋਂ ਡੀਜ਼ਲ ਵੰਡਿਆ। ਮੈਂ ਲੋਕਾਂ ਦੀ ਵਿੱਤੀ ਤੌਰ 'ਤੇ ਵੀ ਮਦਦ ਕਰ ਰਹੀ ਹਾਂ।

*** ਪਾਰਟੀ ਨੇ ਤੁਹਾਨੂੰ ਨਜ਼ਰਅੰਦਾਜ਼ ਕਰ ਕੇ ਕਿਸੇ ਹੋਰ ਨੂੰ ਹਲਕਾ ਇੰਚਾਰਜ ਕਿਉਂ ਲਗਾ ਦਿੱਤਾ ?**

ਮੇਰੇ ਲਈ ਇਹ ਬਹੁਤ ਵੱਡਾ ਝਟਕਾ ਸੀ ਪਰ ਅਸੀਂ ਪਾਰਟੀ ਹਾਈਕਮਾਨ ਦਾ ਫੈਸਲਾ ਸਿਰ ਨਿਵਾ ਕੇ ਮੰਨਿਆ। ਲੋਕ ਵੀ ਮੇਰੇ ਕੋਲ ਆ ਕੇ ਕਹਿੰਦੇ ਸਨ ਕਿ ਪਾਰਟੀ ਨੇ ਬਹੁਤ ਮਾੜਾ ਕੀਤਾ। ਮੇਂ ਹਲਕਾ ਇੰਚਾਰਜ ਲਈ ਵੀ ਤੇ ਉਮੀਦਵਾਰੀ ਲਈ ਵੀ ਦਾਅਵੇਦਾਰ ਹਾਂ। ਅਸੀਂ ਇਲਾਕੇ ਵਿਚ ਬਹੁਤ ਕੰਮ ਕੀਤੇ ਹਨ ਤੇ ਹਲਕੇ ਦੇ ਲੋਕ ਮੈਨੂੰ ਚਾਹੁੰਦੇ ਵੀ ਹਨ। ਰਹੀ ਗੱਲ ਪਾਰਟੀ ਛੱਡਣ ਦੀ ਤਾਂ ਮੇਰੇ ਪਤੀ ਨੇ ਆਮ ਆਦਮੀ ਪਾਰਟੀ ਨੂੰ ਚੁਣਿਆ ਸੀ ਤੇ ਮੈਂ ਵੀ ਇਸੇ ਪਾਰਟੀ ਵਿਚ ਹੀ ਰਹਾਂਗੀ।

*** ਪਾਰਟੀ ਸੁਪਰੀਮੋ ਅਤੇ ਲੀਡਰਸ਼ਿਪ ਨੂੰ ਤੁਹਾਡੀ ਕੀ ਅਪੀਲ ਹੈ ?**

-ਮੇਰੀ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਭਗਵੰਤ ਮਾਨ ਜੀ ਨੂੰ ਪੁਰਜ਼ੋਰ ਅਪੀਲ ਹੈ ਕਿ ਉਹ ਮੇਰੇ ਕੰਮਾਂ ਨੂੰ ਦੇਖਣ। ਅਸੀਂ ਇਸ ਪਾਰਟੀ ਵਿਚੋਂ ਕਮਾਇਆ ਕੁਝ ਨਹੀਂ, ਬਲਕਿ ਗਵਾਇਆ ਹੀ ਹੈ। ਸਭ ਤੋਂ ਪਹਿਲਾਂ ਤਾਂ ਮੈਂ ਆਪਣਾ ਸਾਥੀ ਗਵਾਇਆ, ਜਿਨ੍ਹਾਂ ਨੇ ਆਪਣੀ ਸਿਹਤ ਦੀ ਪ੍ਰਵਾਹ ਨਾ ਕਰਦਿਆਂ ਹੜ੍ਹਾਂ ਵਿਚ ਵੀ ਲੋਕਾਂ ਦੀ ਮਦਦ ਕੀਤੀ। ਉਸ ਵੇਲੇ ਡਾਕਟਰਾਂ ਨੇ ਉਨ੍ਹਾਂ ਦੀ ਸਿਹਤ ਨੂੰ ਵੇਖਦਿਆਂ ਗੰਦੇ ਪਾਣੀ ਵਿਚ ਜਾਣ ਤੋਂ ਵੀ ਮਨ੍ਹਾਂ ਕੀਤਾ ਸੀ ਪਰ ਫ਼ਿਰ ਵੀ ਉਨ੍ਹਾਂ ਨੇ ਲੋਕਾਂ ਦੀ ਮਦਦ ਜਾਰੀ ਰੱਖੀ। ਵਿੱਤੀ ਤੌਰ 'ਤੇ ਵੀ ਅਸੀਂ ਕਾਫ਼ੀ ਪੈਸਾ ਪਾਰਟੀ ਅਤੇ ਲੋਕ ਭਲਾਈ 'ਤੇ ਲਗਾਇਆ ਹੈ। ਮੈਂ ਪਾਰਟੀ ਨੂੰ ਅਪੀਲ ਕਰਦੀ ਹਾਂ ਕਿ ਮੈਨੂੰ 2027 ਵਿਚ ਮੌਕਾ ਦਿੱਤਾ ਜਾਵੇ ਅਤੇ ਇਸ ਤੋਂ ਪਹਿਲਾਂ ਹਲਕੇ ਦੀ ਵਾਗਡੋਰ ਮੈਨੂੰ ਸੌਂਪੀ ਜਾਵੇ । ਮੈਂ ਇਹ ਸੀਟ ਜਿੱਤ ਕੇ ਪਾਰਟੀ ਦੀ ਝੋਲੀ ਵਿਚ ਜ਼ਰੂਰ ਪਾਵਾਂਗੀ। ਸ਼ਾਹਕੋਟ ਹਲਕੇ ਨੂੰ ਲੈ ਕੇ ਤੁਹਾਡਾ ਵਿਜ਼ਨ ਕੀ ਹੈ ?

ਬਹੁਤ ਲੰਮਾ ਅਰਸਾ ਵਿਦੇਸ਼ ਵਿਚ ਰਹਿਣ ਕਾਰਨ ਮੈਂ ਵੇਖਦੀ ਹਾਂ ਕਿ ਅਸੀਂ ਸਿਹਤ, ਸਿੱਖਿਆ ਤੇ ਵਾਤਾਵਰਣ ਪੱਖੋਂ ਕਾਫੀ ਪਿੱਛੇ ਹਾਂ। ਮੇਰਾ ਵਿਜ਼ਨ ਹੈ ਕਿ ਅਸੀਂ ਇੱਥੇ ਕੁੜੀਆਂ ਦਾ ਕਾਲਜ ਖੋਲ੍ਹਾਂਗੇ, ਕਿਉਂਕਿ ਸਾਡੇ ਪਿੰਡ ਵਿਚ ਸਕੂਲ ਸਿਰਫ਼ ਅੱਠਵੀਂ ਤੱਕ ਹੈ। ਅਸੀਂ ਇਲਾਕੇ ਦੀਆਂ ਔਰਤਾਂ ਲਈ ਇਕ ਉਦਯੋਗ ਜਾਂ ਰੋਜ਼ਗਾਰ ਦਾ ਸਾਧਨ ਖੋਲ੍ਹਣਾ ਚਾਹੁੰਦੇ ਹਾਂ। ਵਾਤਾਵਰਣ ਨੂੰ ਸਾਫ਼ ਰੱਖਣ ਲਈ ਅਸੀਂ ਆਪਣੀ ਜ਼ਮੀਨ 'ਤੇ ਜੰਗਲ ਵੀ ਲਵਾਇਆ ਸੀ।

ਵਿਸ਼ੇਸ਼ - ਰਤਨ ਸਿੰਘ ਕਾਕੜ ਕਲਾਂ ਹਰਦਿਲ ਅਜੀਜ਼ ਅਤੇ ਹਰਮਨ ਪਿਆਰੇ ਮਿਹਨਤੀ ਬੇ ਦਾਗ਼ ਇਨਸਾਨ ਸਨ ਮਹਿਤਪੁਰ ਤੋਂ ਪਰਜੀਆ ਸ਼ਾਹਕੋਟ ਰੋਡ ਜੋ ਉਨ੍ਹਾਂ ਦੀ ਨਿਗਰਾਨੀ ਹੇਠ ਬਣਿਆਂ ਸੀ ਲੋਕ ਅੱਜ ਵੀ ਯਾਦ ਕਰਦੇ ਹਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਜ਼ਿਲ੍ਹਾ ਨਸ਼ਾ ਛੁਡਾਊ ਕੇਂਦਰ 'ਚ ਮਨਾਇਆ ਮਨੁੱਖੀ ਅਧਿਕਾਰ ਦਿਵਸ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਅਤੇ ਜ਼ਿਲ੍ਹਾ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ, ਹੁਸ਼ਿਆਰਪੁਰ ਵੱਲੋਂ ਅੱਜ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਵਿਖੇ ਮਨੁੱਖੀ ਅਧਿਕਾਰ ਦਿਵਸ ਬਹੁਤ ਹੀ ਸੁਚੇਤ ਢੰਗ ਨਾਲ ਮਨਾਇਆ ਗਿਆ। ਇਸ ਸਾਲ ਦਾ ਵਿਸ਼ਾ 'ਮਨੁੱਖੀ ਅਧਿਕਾਰ, ਸਾਡੀਆਂ ਰੋਜ਼ਾਨਾ ਦੀਆਂ ਜ਼ਰੂਰੀ ਚੀਜ਼ਾਂ' ਹੈ, ਜਿਸ ਦੇ ਤਹਿਤ ਲੋਕਾਂ ਨੂੰ ਰੋਜ਼ਾਨਾ ਜੀਵਨ ਵਿੱਚ ਮਨੁੱਖੀ ਅਧਿਕਾਰਾਂ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ। ਪ੍ਰੋਗਰਾਮ ਦਾ ਆਯੋਜਨ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,



ਹੁਸ਼ਿਆਰਪੁਰ ਰਾਜਿੰਦਰ ਅਗਰਵਾਲ ਅਤੇ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਦੀ ਅਗਵਾਈ ਹੇਠ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਨਸ਼ਾ ਛੁਡਾਊ ਕੇਂਦਰ ਤੇ ਮੁੜ ਵਸੇਬਾ ਕੇਂਦਰ ਵਿਚ ਐਡਵੋਕੇਟ ਰੂਪਿਕਾ ਠਾਕੁਰ ਅਸਿਸਟੈਂਟ ਕਾਊਂਸਲ ਨੇ ਮਨੁੱਖੀ ਅਧਿਕਾਰਾਂ, ਨਸ਼ਾ ਮੁਕਤ ਜੀਵਨ ਅਤੇ ਕਾਨੂੰਨੀ ਸਹਾਇਤਾ ਸਬੰਧੀ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਪ੍ਰੋਗਰਾਮ ਵਿਚ ਡਾ. ਜਸਲੀਨ ਕੌਰ, ਮੈਡੀਕਲ ਅਫ਼ਸਰ ਦੀ ਮੌਜੂਦਗੀ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਰਹੀ। ਬੁਲਾਰਿਆਂ ਨੇ ਕਿਹਾ ਕਿ ਨਸ਼ੇ ਦੇ ਚੁੰਗਲ ਤੋਂ ਬਾਹਰ ਆ ਰਹੇ ਲੋਕਾਂ ਲਈ ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਸਨਮਾਨਜਨਕ ਜੀਵਨ ਨੂੰ ਯਕੀਨੀ ਬਣਾਉਣਾ ਸਮਾਜ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਦਾ ਉਦੇਸ਼ ਨਸ਼ਾ ਛੁਡਾਉਣ ਦੇ ਨਾਲ-ਨਾਲ ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕਤਾ ਵਧਾਉਣਾ ਹੈ, ਤਾਂ ਜੋ ਸਮਾਜ ਵਿੱਚ ਸਕਾਰ-ਾਤਮਕ ਬਦਲਾਅ ਲਿਆਂਦਾ ਜਾ ਸਕੇ। ਇਸ ਦੌਰਾਨ ਕਾਊਂਸਲਰ ਪ੍ਰਸ਼ਾਂਤ, ਪਰਮਿੰਦਰ ਕੌਰ, ਸਟਾਫ ਨਰਸ ਅਮਨਦੀਪ ਕੌਰ ਅਤੇ ਸੈਂਟਰ ਵਿੱਚ ਦਾਖ਼ਲ ਮਰੀਜ਼ ਮੌਜੂਦ ਸਨ।

# ਦੋਆਬਾ ਸਾਹਿਤ ਸਭਾ ਨੇ ਜਸਵੀਰ ਬੇਗਮਪੁਰੀ ਦੀ ਅਗਵਾਈ 'ਚ ਸਾਹਿਤਕ ਕਿਤਾਬਾਂ ਦਾ ਲੰਗਰ ਲਗਾਇਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਪਿੰਕ ਰੋਜ ਹੋਟਲ ਚ ਦੋਆਬਾ ਸਾਹਿਤ ਸਭਾ ਵਲੋ ਜਸਵੀਰ ਸਿੰਘ ਬੇਗਮਪੁਰੀ ਦੀ ਅਗਵਾਈ ਲਗਾਏ ਗਏ ਸਾਹਿਤਿਕ ਕਿਤਾਬਾਂ ਦੇ ਲੰਗਰ ਵਿੱਚ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ, ਬਲਾਕ ਜੁਆਇੰਟ ਸਕੱਤਰ ਸੰਤੋਖ਼ ਸਿੰਘ, ਪ੍ਰੈਸ ਸਲਾਹਕਾਰ ਵਿਕਰਾਂਤ ਕਪੂਰ, ਫੂਲਾ ਸਿੰਘ ਬੀਰਮਪੁਰੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ । ਇਸ ਮੌਕੇ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਕਿਹਾ ਕਿ ਇਹ ਇਕ ਬਹੁਤ ਹੀ



ਸਲਾਘਾਯੋਗ ਕਦਮ ਹੈ, ਇਹੋ ਜਿਹੇ ਕੈਂਪ ਲਗਾਉਣਾ ਸਿੱਖਿਆ ਦੇ ਡਿੱਗ ਰਹੇ ਪੱਧਰ ਚ ਨਿਘਾਰ ਲਿਆਉਣ ਲਈ ਮੌਜੂਦਾ ਸਮੇਂ ਚ ਅਤਿ ਜਰੂਰੀ ਹੈ । ਉਹਨਾਂ ਕਿਹਾ ਕਿ ਸਕੂਲਾਂ ਚ ਬਾਕੀ ਵਿਸ਼ਿਆਂ ਦੇ ਨਾਲ ਨਾਲ ਪੁਰਾਤਨ ਕਾਵਿ ਦੇ ਸਾਹਿਤ ਨੂੰ ਵੀ ਜਰੂਰੀ ਵਿਸ਼ੇ ਦਾ ਤੌਰ ਤੇ ਸ਼ਾਮਿਲ ਕਰਨਾ ਚਾਹੀਦਾ ਹੈ । ਇਸ ਮੌਕੇ ਦੋਆਬਾ ਸਾਹਿਤ ਸਭਾ(ਰਜਿ) ਦੇ ਆਹੁਦੇਦਾਰਾਂ ਮਾਸਟਰ ਹੰਸ ਰਾਜ, ਮਾਸਟਰ ਅਮਰਜੀਤ ਬੰਗੜ, ਮਾਸਟਰ ਗੁਰਮੇਲ ਸਿੰਘ , ਅਤੇ ਪ੍ਰਿੰਸੀਪਲ ਬਿੱਕਰ ਸਿੰਘ ਵਲੋਂ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੂੰ ਸਾਹਿਤਿਕ ਕਿਤਾਬਾਂ ਦੇ ਸੈੱਟ ਨਾਲ ਸਨਮਾਨਿਤ ਕੀਤਾ ਗਿਆ ।

# ਪੰਚਾਇਤ ਸੰਮਤੀ ਅਤੇ ਜਿਲਾ ਪਰਿਸ਼ਦ ਦੀਆਂ ਚੋਣਾਂ ਸਬੰਧੀ ਥਾਣਾ ਮੇਹਟੀਆਣਾ ਦੀ ਪੁਲਿਸ ਨੇ ਕੀਤਾ ਪਿੰਡਾਂ ਵਿੱਚ ਫਲੈਗ ਮਾਰਚ



**ਹੁਸ਼ਿਆਰਪੁਰ (ਤਰਸੇਮ ਦੀਵਾਨਾ)** - ਪੰਜਾਬ ਚ ਹੋ ਰਹੀਆਂ ਪੰਚਾਇਤ ਸੰਮਤੀਆਂ ਅਤੇ ਬਲਾਕ ਜਿਲਾ ਪਰਿਸ਼ਦ ਦੀਆਂ ਚੋਣਾਂ ਸਬੰਧੀ ਕੁਲਵਿੰਦਰ ਸਿੰਘ ਡੀਐਸਪੀ ਚੱਬੇਵਾਲ ਅਤੇ ਇੰਸਪੈਕਟਰ ਰਜਿੰਦਰ ਸਿੰਘ ਮਿਨਿਹਾਸ ਐਸਐਚਓ ਥਾਣਾ ਮੇਹਟੀਆਣਾ ਦੀ ਪੁਲਿਸ ਵੱਲੋਂ ਅੱਤੋਵਾਲ, ਡਵਿਡਾ ਅਹਿਰਾਣਾ, ਫੁਗਲਾਣਾ, ਮੇਹਟੀਆਣਾ ਆਦਿ ਪਿੰਡਾਂ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਫਲੈਗ ਮਾਰਚ ਕੱਢਿਆ ਗਿਆ। ਇਸ ਮੌਕੇ ਪੁਲਿਸ ਨੇ ਲੋਕਾਂ ਨੂੰ ਪੰਚਾਇਤ ਸੰਮਤੀ ਅਤੇ ਜਿਲ੍ਹਾ ਪਰਿਸ਼ਦ ਦੀਆਂ ਵੋਟਾਂ ਦੌਰਾਨ ਪਿੰਡਾਂ ਦੇ ਲੋਕਾਂ ਨੂੰ ਅਮਨ ਸ਼ਾਂਤੀ ਬਣਾ ਕੇ ਵੋਟਾਂ ਪਾਉਣ ਸਬੰਧੀ ਪ੍ਰੇਰਿਤ ਕੀਤਾ ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਵੋਟਾਂ ਵੇਲੇ ਸਥਿਤੀ ਨੂੰ ਭੰਗ ਕਰਨ ਲਈ ਜ਼ਿੰਮੇਵਾਰ ਵਿਅਤੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਹਨਾਂ ਕਿਹਾ ਕਿ ਭਾਰਤ ਇੱਕ ਲੋਕਤੰਤਰੀ ਦੇਸ਼ ਹੈ। ਇਸ ਲਈ ਹਰ ਇੱਕ ਵੋਟਰ ਆਪਣੇ ਮਨ ਪਸੰਦ ਉਮੀਦਵਾਰ ਨੂੰ ਵੋਟ ਪਾਉਣ ਦਾ ਅਧਿਕਾਰ ਹੈ। ਉਹਨਾਂ ਕਿਹਾ ਕਿ ਚੋਣਾਂ ਦੌਰਾਨ ਆਪਣੀ ਮਨ ਪਸੰਦ ਦੇ ਉਮੀਦਵਾਰ ਨੂੰ ਵੋਟ ਪਾ ਕੇ ਭਾਰਤੀ ਸੰਵਿਧਾਨ ਦੁਆਰਾ ਦਿੱਤੇ ਗਏ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਜਿੰਮੇਵਾਰ ਨਾਗਰਿਕ ਵਜੋਂ ਕਰਨ। ਉਹਨਾਂ ਕਿਹਾ ਕਿ ਅਗਰ ਕੋਈ ਵਿਅਕਤੀ ਵੋਟਾਂ ਵੇਲੇ ਕੋਈ ਸ਼ਰਾਰਤ ਕਰੇ ਤਾਂ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਜਾਵੇ।

ਫੋਟੋ ਅਜਮੇਰ ਦੀਵਾਨਾ

# ਆਸ਼ਾਦੀਪ ਵੈਲਫੇਅਰ ਸੋਸਾਇਟੀ ਸਵਰਗੀ ਜਗਜੀਤ ਸਿੰਘ ਸਚਦੇਵਾ ਦੇ ਵਿਜ਼ਨ ਨੂੰ ਅੱਗੇ ਵਧਾ ਰਹੀ ਹੈ : ਸਚਦੇਵਾ

## ਆਸ਼ਾ ਕਿਰਨ ਸਕੂਲ ਵਿਖੇ ਸਵਰਗੀ ਜਗਜੀਤ ਸਿੰਘ ਸਚਦੇਵਾ ਦੀ ਯਾਦ ਵਿੱਚ ਲੰਗਰ ਲਗਾਇਆ ਗਿਆ



**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਸਰਪ੍ਰਸਤ ਪਰਮਜੀਤ ਸਿੰਘ ਸਚਦੇਵਾ ਨੇ ਆਪਣੇ ਪਿਤਾ ਸਵਰਗੀ ਜਗਜੀਤ ਸਿੰਘ ਸਚਦੇਵਾ ਦੀ ਯਾਦ ਵਿੱਚ ਜੇਐਸਐਸ ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਵਿਖੇ ਲੰਗਰ ਲਗਾਇਆ। ਜਗਜੀਤ ਸਿੰਘ ਸਚਦੇਵਾ ਦਾ 19 ਸਾਲ ਪਹਿਲਾਂ ਦੇਹਾਂਤ ਹੋ ਗਿਆ ਸੀ। ਇਸ ਮੌਕੇ ਸਪੈਸ਼ਲ ਸਕੂਲ ਦੇ ਵਿਸ਼ੇਸ਼ ਵਿਦਿਆਰਥੀ, ਡਿਪਲੋਮਾ ਵਿਦਿਆਰਥੀ, ਸਕੂਲ ਸਟਾਫ਼ ਅਤੇ ਸੁਸਾਇਟੀ ਦੇ ਸਾਰੇ ਮੈਂਬਰ ਮੌਜੂਦ ਸਨ, ਜਿਨ੍ਹਾਂ ਨੇ ਸਵਰਗੀ ਜਗਜੀਤ ਸਿੰਘ ਸਚਦੇਵਾ ਦੇ ਸਮਾਜ ਸੇਵਾ ਕਾਰਜਾਂ ਨੂੰ ਯਾਦ ਕੀਤਾ। ਸਚਦੇਵਾ ਪਰਿਵਾਰ ਦੇ ਮੈਂਬਰ ਵੀ ਮੌਜੂਦ ਸਨ। ਇਸ ਮੌਕੇ ਪਰਮਜੀਤ ਸਚਦੇਵਾ ਨੇ ਕਿਹਾ ਕਿ ਆਸ਼ਾਦੀਪ ਵੈਲਫੇਅਰ ਸੋਸਾਇਟੀ ਵੱਲੋਂ ਅੱਜ ਕੀਤਾ ਜਾ ਰਿਹਾ ਸਮਾਜ ਸੇਵਾ ਕਾਰਜ ਸਵਰਗੀ ਜਗਜੀਤ ਸਿੰਘ ਸਚਦੇਵਾ ਦੀ ਸੋਚ ਨੂੰ ਅੱਗੇ ਵਧਾਉਣ ਦਾ ਕੰਮ ਹੈ, ਜੋ ਕਿ ਨਿਰੰਤਰ ਜਾਰੀ ਰਹੇਗਾ। ਇਸ ਮੌਕੇ ਇੰਦਰਜੀਤ ਕੌਰ ਸਚਦੇਵਾ, ਸ਼੍ਰੀਮਤੀ ਡਿੰਪੀ ਸਚਦੇਵਾ, ਸ਼੍ਰੀਮਤੀ ਜਸਵਿੰਦਰ ਕੌਰ ਸਚਦੇਵਾ, ਰਣਵੀਰ ਸਚਦੇਵਾ, ਤਨਿਸ਼ਕਾ ਸਚਦੇਵਾ, ਤਿਆਰਾ ਸਚਦੇਵਾ, ਰਿਸ਼ੇਲ ਸਚਦੇਵਾ, ਅਮਨਦੀਪ ਸਚਦੇਵਾ, ਨੇਹਾ ਸਚਦੇਵਾ, ਪ੍ਰਧਾਨ ਹਰਬੰਸ ਸਿੰਘ, ਅਸ਼ਦੀਪ ਵੈਲਫੇਅਰ ਸੋਸਾਇਟੀ ਤੋਂ ਹਰਬੰਸ ਸਿੰਘ, ਗਰੇਵਾਲ ਮਹਿਤਾਬ ਸਿੰਘ ਮਹਿਤਾਮੇ, ਤਲਵਾੜ, ਬਲਰਾਮ, ਵਿਨੋਦ ਭੂਸ਼ਣ ਅਗਰਵਾਲ, ਲੋਕੇਸ਼ ਖੰਨਾ, ਜੇ.ਐਸ. ਦਰਦੀ, ਰਾਮ ਆਸਰਾ, ਕੋਰਸ ਕੋਆਰਡੀਨੇਟਰ ਬਰਿੰਦਰ ਕੁਮਾਰ, ਪ੍ਰਿੰਸੀਪਲ ਸ਼ੈਲੀ ਸ਼ਰਮਾ ਆਦਿ ਵੀ ਹਾਜ਼ਰ ਸਨ। ਇਸ ਸਮੇਂ ਸੁਰਿੰਦਰ ਸਿੰਘ ਵੱਲੋਂ ਜਗਜੀਤ ਸਿੰਘ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਗਈ। **ਫੋਟੋ ਅਜਮੇਰ ਦੀਵਾਨਾ**

# ਖ਼ਬਰ ਹੈ ਕਿ



ਪੈਂਤੀ ਸੌ ਤਰਵੰਜਾ ਏਕੜ
ਦੇ ਵਿੱਚ ਫਿਰੂ ਮਸ਼ੀਨ ।
ਅੰਨਦਾਤੇ ਨਾਲ਼ ਕਿਰਤੀ ਕਾਮੇ
ਵੀ ਹੋ 'ਗੇ ਗ਼ਮਗੀਨ ।
ਪੁਆਧੀ ਮੰਚ ਮੁਹਾਲ਼ੀ ਨੇ ਵੀ
ਕੀਤੇ ਲੋਕ ਇਕੱਠੇ ;
ਸੱਤ ਪਿੰਡਾਂ ਵਿੱਚ ਨਹੀਂ ਰਹੇਗੀ
ਖੇਤੀ ਯੋਗ ਜ਼ਮੀਨ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

## ਸਾਗ ਨਾਮਾ

ਆਇਰਨ ਨਾਲ਼ ਭਰਪੂਰ ਹਕੀਮਾ
ਖ਼ੁਸ਼ਬੋ ਦਵੇ ਸਰੂਰ ਹਕੀਮਾ।
ਇਹ ਫੁੱਲ ਚਮਕੇ ਸੂਰਜ ਵਾਂਗੋਂ
ਇਹ ਪੰਜਾਬ ਦਾ ਨੂਰ ਹਕੀਮਾਂ।
ਇਹਦੀ ਹਰਿਆਲੀ ਨੇ ਕੀਤਾ
ਅੱਖੀਆਂ ਨੂੰ ਮਖ਼ਮੂਰ ਹਕੀਮਾ।
ਜੰਨਤ ਵਿੱਚ ਵੀ ਇਹ ਖਾਵਾਂਗੇ
ਪੇਸ਼ ਕਰੇਗੀ ਹੂਰ ਹਕੀਮਾ।
ਆਪਣੀ ਮਿੱਟੀ ਦੇ ਨਾਲ ਆਇਆ
ਗੰਦਲਾਂ ਵਿੱਚ ਗ਼ਰੂਰ ਹਕੀਮਾ।
ਭਾਵੇਂ ਹੋਵੇ ਸ਼ਹਿਰ ਕਰਾਚੀ
ਜਾਂ ਹੋਵੇ ਪਸਰੂਰ ਹਕੀਮਾ।
ਸਾਗ ਦੀ ਜਿਹੜਾ ਨਿੰਦਿਆ ਕਰਦਾ
ਉਹ ਏ ਪੱਕਾ ਸੂਰ ਹਕੀਮਾ।
ਸਾਹੂਕਾਰ ਵੀ ਰੱਜ ਲਾਂਦੇ ਨੇਂ
ਖਾਂਦੇ ਨੇਂ ਮਜ਼ਦੂਰ ਹਕੀਮਾ।
ਆਇਰਨ ਨਾਲ਼ ਭਰਪੂਰ ਹਕੀਮਾ
ਖ਼ੁਸ਼ਬੋ ਦਵੇ ਸਰੂਰ ਹਕੀਮਾ।



**ਹਕੀਮ ਅਹਿਮਦ ਨਈਮ ਅਰਸ਼ਦ**
**ਸ਼ਕਰਗੜ੍ਹ**
**ਜ਼ਿਲ੍ਹਾ ਨਾਰੋਵਾਲ (ਪਾਕਿਸਤਾਨ)**

# ਅੱਧੇ 'ਚੋਂ ਅੱਧਾ

ਦਰਾਂ 'ਤੇ ਆਣ ਜੋ ਬਾਰਸ਼ ਖੜ੍ਹੀ ਏ,
ਇਹ ਪੀਂਘਾਂ ਨਾਲ਼ ਤਾਂ ਧੋਖਾਧੜੀ ਏ।
ਅਜੇ ਤਾਂ ਸਾਉਣ ਦੇ ਦਿਨ ਸੌਂਣ ਦੇ ਨੇ
ਥਕੇਵਾਂ ਭਾਦਰੋਂ ਦਾ ਲਾਹੁਣ ਦੇ ਨੇ।
ਇਹ ਪੌਣਾਂ ਜੋ ਕਵੇਲ਼ੇ ਲਾਉਣ ਛਾਲ਼ਾਂ,
ਇਹਨਾਂ ਨੇ ਖਾਣੀਆਂ ਨੇ ਮਾਂ ਤੋਂ ਗਾਲ਼ਾਂ।
ਸਫ਼ੈਦੇ ਨੇ ਕਲ਼ੇਜਾ ਫੜ੍ਹ ਲਿਆ ਏ,
ਨਹਾ ਕੇ ਸੂਟ ਗਿੱਲਾ ਕਰ ਲਿਆ ਏ।
ਬੇਰੀਆਂ ਨਿੱਖਰ ਆਈਆਂ ਸਿਰ ਨਹਾ ਕੇ,
ਲਟਾਂ ਉੱਤੇ ਕਚੂਰੀ ਰੰਗ ਲਾ ਕੇ।
ਕਿ ਛੱਲੀ ਵੀ ਪੁਸ਼ਾਕਾਂ ਪਾਉਣ ਲੱਗੀ,
ਸੁਨਹਿਰੀ ਰੰਗ ਕੇਸੀਂ ਲਾਉਣ ਲੱਗੀ।
ਹੈ ਬੱਦਲ ਲੰਘਦਾ ਖ਼ੁਸ਼ਬੋ ਲਗਾ ਕੇ,
ਘਟਾਵਾਂ ਨੂੰ ਮਿਲ਼ਨ ਦੇ ਖ਼ਤ ਫੜਾ ਕੇ।
ਇਹ ਜਿਹੜਾ ਅੰਬਰਾਂ ਤੋਂ ਵਰ੍ਹ ਰਿਹਾ ਏ,
ਸਾਡੇ ਦਾਣੇ ਸ਼ਰਾਬੀ ਕਰ ਰਿਹਾ ਏ।
ਇਹ ਜੋ ਸਰਘੀ ਦੇ ਵੇਲ਼ੇ ਗਾ ਰਹੇ ਨੇ,
ਰੁਹਾਨੀ ਸਿਲਸਿਲਾ ਸਮਝਾ ਰਹੇ ਨੇ।
ਤੇ ਰਮਜ਼ ਮਹੀਨ ਹੁੰਦੀ ਜਾ ਰਹੀ ਏ,
ਰੁੱਤ ਨਮਕੀਨ ਹੁੰਦੀ ਜਾ ਰਹੀ ਏ।
ਉਹ ਕਿੰਨਾ ਕੁ ਸਮਰਪਣ ਲੈ ਗਏ ਨੇ?
ਜੋ ਕਾਂਵੜ ਸ਼ਿਵਪੁਰੀ ਦੇ ਰਾਹ ਪਏ ਨੇ।
ਆਪਣੀ ਚਾਲੇ ਲੁਕਾਈ ਚੱਲ ਰਹੀ ਏ,
ਮੁਹੱਬਤ ਬੰਦਗੀ ਵਿੱਚ ਢਲ਼ ਰਹੀ ਏ।
ਜੋ ਮੇਰੀ ਰੂਹ ਦੇ ਅੰਦਰ ਫੁੱਟਿਆ ਏ,
ਇਹਨੇ ਗਲ਼ ਬੇਦਿਲੀ ਦਾ ਘੁੱਟਿਆ ਏ।
ਮੈਂ ਰਹਿਬਰ ਦੇ ਇਸ਼ਕ ਨੂੰ ਮਾਣਿਆ ਏ,
ਅਜੇ ਅੱਧੇ ਤੋਂ ਅੱਧਾ ਜਾਣਿਆ ਏ।



**ਰਿਤੂ ਵਾਸੂਦੇਵ**

# ਗ਼ਜ਼ਲ

ਭਾਵੇਂ ਜੋਸ਼ - ਜਵਾਨੀ ਰੱਬੀ ਗਹਿਣਾ
ਪਰ ਤੂੰ ਹੁਕਮ ਰਜਾਈ ਅੰਦਰ ਰਹਿਣਾ
ਦਿਰੜ ਇਰਾਦੇ ਛੂਹ ਲੈਦੇਂ ਨੇ ਸਿਖਰਾਂ
ਆਲਸ ਦਾ ਤਾਂ ਹੈ ਹੀ ਰੋਗ ਕੁਲਹਿਣਾ
ਲੋਕੀਂ ਦਸਤਾਰਾਂ ਸਿਰ ਤੋਂ ਲਾਹ ਦਿੰਦੇ
ਕਿਰਦਾਰ ਨਹੀਂ ਤਾਂ ਕੀ ਸੱਥ 'ਚ ਬਹਿਣਾ
ਇਸ਼ਕ ਜਵਾਨੀ ਦਿਨ ਚਾਰ ਬਹਾਰਾਂ ਦੇ
ਚਾਰ ਮੁਨਾਰਾ ਖੰਡਰ ਹੋ ਹੋ ਢਹਿਣਾ
ਹੰਕਾਰ ਸਿਰੇ ਦਾ ਲੈ ਬਹਿੰਦਾ ਬੰਦੇ
ਸੱਚ ਇਹੋ ਸਭ ਧਰਮਾਂ ਦਾ ਹੀ ਕਹਿਣਾ
ਹੁੰਦੀ ਮੌਤ ਪੁਲਾਂ ਦੇ ਵਰਗੀ ਯਾਰਾ
ਇਸਦੇ ਹੇਠੋਂ ਇਕ ਦਿਨ ਪੈਣੇ ਵਹਿਣਾ
ਇਸ਼ਕ ਮਕੁੱਦਰ "ਬਾਲੀ" ਲੇਖੀਂ ਲਿਖਿਆ
ਜੋ ਵੀ ਲਿਖਿਆਂ ਜੈਸਾ ਇਹ ਨਾ ਲਹਿਣਾ।



**ਬਲਜਿੰਦਰ ਸਿੰਘ "ਬਾਲੀ ਰੇਤਗੜ੍ਹ "**
**9465129168**

# ਜਨਮਦਿਨ ਮੁਬਾਰਕ



**ਕੁਲਵਿੰਦਰ ਕੌਰ 'ਬਖੋਪੀਰ' ਭਵਾਨੀਗੜ੍ਹ (ਸੰਗਰੂਰ) ਨੂੰ ਜਨਮਦਿਨ ਦੀਆਂ ਹਾਰਦਿਕ ਸ਼ੁਭਕਾਮਨਾਵਾਂ**

# ਜ਼ੈਲਦਾਰ ਕੁਲਵੀਰ ਸਿੰਘ ਭਲਵਾਨ ਅਤੇ ਗੁਰਜੀਤ ਸਿੰਘ ਭਲੂਰ ਦੇ ਹੱਕ ਵਿਚ ਸਮਰਥਕਾਂ ਵੱਲੋਂ ਚੋਣ ਪ੍ਰਚਾਰ

## ● ਕਾਂਗਰਸ ਪਾਰਟੀ ਵੱਲੋਂ ਜ਼ੈਲਦਾਰ ਬਲਾਕ ਸੰਮਤੀ ਦੇ ਅਤੇ ਗੁਰਜੀਤ ਸਿੰਘ ਭਲੂਰ ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ

**ਭਲੂਰ (ਬੇਅੰਤ ਗਿੱਲ)** 14 ਦਸੰਬਰ ਨੂੰ ਸੂਬੇ ਅੰਦਰ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਸਾਰੀਆਂ ਪਾਰਟੀਆਂ ਵੱਲੋਂ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਕਾਂਗਰਸ ਪਾਰਟੀ ਵੱਲੋਂ ਜੋਨ ਲੰਗੇਆਣਾ ਕਲਾਂ ਤੋਂ ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਗੁਰਜੀਤ ਸਿੰਘ ਭਲੂਰ ਅਤੇ ਪਿੰਡ ਭਲੂਰ ਤੋਂ ਬਲਾਕ ਸੰਮਤੀ ਦੇ ਉਮੀਦਵਾਰ ਜ਼ੈਲਦਾਰ ਕੁਲਵੀਰ ਸਿੰਘ ਭਲਵਾਨ ਲਈ ਉਨ੍ਹਾਂ ਦੇ ਸਹਿਯੋਗੀਆਂ ਵੱਲੋਂ ਘਰ ਘਰ ਪਹੁੰਚ ਕੇ ਵੋਟਾਂ ਮੰਗੀਆਂ ਗਈਆਂ। ਇਸ ਮੌਕੇ ਜ਼ੈਲਦਾਰ ਕੁਲਵੀਰ ਸਿੰਘ ਭਲਵਾਨ ਅਤੇ ਗੁਰਜੀਤ ਸਿੰਘ ਭਲੂਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਨੂੰ ਵੋਟਾਂ ਪਾ ਕੇ ਕਾਮਯਾਬ ਕਰਨ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਲੋਕਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਵਾਈ ਜਾ ਸਕੇ। ਪਿੰਡ ਭਲੂਰ ਦੇ ਕਾਂਗਰਸੀ ਆਗੂ ਰਣਜੀਤ ਸਿੰਘ ਸੰਧੂ ਸਾਬਕਾ ਪੰਚਾਇਤ ਮੈਂਬਰ, ਲਾਭ ਸਿੰਘ ਸਾਬਕਾ ਪੰਚਾਇਤ ਮੈਂਬਰ ਅਤੇ ਜੀਵਨ ਸਿੰਘ ਬਰਾੜ ਨੇ ਆਖਿਆ ਕਿ







ਆਉਣ ਵਾਲੇ ਸਮੇਂ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਸੱਤਾ ਵਿਚ ਆ ਰਹੀ ਹੈ, ਲੋਕਾਂ ਨੇ ਸਾਰੀਆਂ ਪਾਰਟੀਆਂ ਨੂੰ ਚੰਗੀ ਤਰ੍ਹਾਂ ਵੇਖ ਪਰਖ ਲਿਆ ਹੈ। ਲੋਕਾਂ ਨੇ ਇਹਨਾਂ ਵੋਟਾਂ ਦੌਰਾਨ ਵੀ ਕਾਂਗਰਸ ਵੱਲੋਂ ਚੁਣੇ ਉਮੀਦਵਾਰਾਂ ਨੂੰ ਜਿਤਾਉਣ ਦਾ ਮਨ ਬਣਾ ਰੱਖਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨਾਲ ਜੁੜੇ ਲੋਕ ਹੀ ਪਿੰਡਾਂ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕ ਸਕਦੇ ਹਨ। ਕਾਂਗਰਸ ਦੇ ਨਿਧੜਕ ਲੀਡਰ ਚਰਨਜੀਤ ਸਿੰਘ ਚੰਨੀ ਦੇ ਥੋੜ੍ਹੇ ਸਮੇਂ ਦੇ ਰਾਜ ਨੇ ਹੀ ਲੋਕਾਂ ਨੂੰ ਬਾਗੋਬ-ਾਗ ਕਰ ਦਿੱਤਾ ਸੀ। ਇਹੀ ਵਜ੍ਹਾ ਸੀ ਕਿ ਲੋਕਾਂ ਨੇ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਚਰਨਜੀਤ ਸਿੰਘ ਚੰਨੀ ਨੂੰ ਰੱਜਵੀਂਆਂ ਵੋਟਾਂ ਦੇ ਕੇ ਜਿੱਤ ਦਿੱਤੀ ਸੀ। ਉਕਤ ਆਗੂਆਂ ਨੇ ਪਿੰਡ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜ਼ੈਲਦਾਰ ਕੁਲਵੀਰ ਸਿੰਘ ਭਲਵਾਨ ਅਤੇ ਗੁਰਜੀਤ ਸਿੰਘ ਭਲੂਰ ਨੂੰ ਤੁਹਾਡੀ ਦਿੱਤੀ ਵੋਟ ਤੇ ਸਪੋਟ ਨਵੇਂ ਰਾਹ ਖੋਲ੍ਹਣ ਦਾ ਕੰਮ ਕਰੇਗੀ। ਇਸ ਮੌਕੇ ਹੋਰ ਵੀ ਕਾਂਗਰਸੀ ਵਰਕਰ ਮੌਜੂਦ ਸਨ।

# ਆਮ ਆਦਮੀ ਪਾਰਟੀ ਦੇ ਆਗੂਆਂ ਵਲੋਂ ਦਿਖਾਏ ਜਾਣ ਵਾਲੇ ਝੂਠੇ ਸਬਜਬਾਗਾਂ 'ਤੇ ਬਿਲਕੁਲ ਵੀ ਭਰੋਸਾ ਨਾ ਕੀਤਾ ਜਾਵੇ : ਬਰਿੰਦਰ ਸਿੰਘ ਪ੍ਰਮਾਰ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** - ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਬਰਿੰਦਰ ਸਿੰਘ ਪ੍ਰਮਾਰ ਨੇ ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ 14 ਦਸੰਬਰ ਨੂੰ ਹੋਣ ਵਾਲੀ ਵੋਟਿੰਗ ਤੋਂ ਪਹਿਲਾਂ ਸਮੂਹ ਵੋਟਰਾਂ ਨੂੰ ਸੁਚੇਤ ਕੀਤਾ ਕਿ 'ਆਪ' ਪਾਰਟੀ ਦੇ ਆਗੂਆ ਵਲੋਂ ਦਿਖਾਏ ਜਾਣ ਵਾਲੇ ਕਿਸੇ ਵੀ ਝੂਠੇ ਸਬਜਬਾਗ 'ਤੇ ਬਿਲਕੁਲ ਭਰੋਸਾ ਨਾ ਕੀਤਾ ਜਾਵੇ ਕਿਉਂਕਿ ਹਰ ਚੋਣ ਤੋਂ ਪਹਿਲਾਂ ਆਪ ਪਾਰਟੀ ਦੇ ਆਗੂ ਝੂਠ ਬੋਲ ਕੇ ਵੋਟਰਾਂ ਨੂੰ ਵਰਗਲਾਉਂਦੇ ਹਨ ਅਤੇ ਵੋਟਾਂ ਤੋਂ ਬਾਅਦ ਆਪਣੇ ਵਾਅਦਿਆਂ ਤੋਂ ਸਾਫ ਮੁਕਰ ਜਾਂਦੇ ਹਨ। ਉਹਨਾਂ ਕਿਹਾ ਕਿ ਪਿਛਲੀਆਂ ਵਿਧਾਨਸਭਾ ਚੋਣਾਂ ਤੋਂ ਪਹਿਲਾਂ ਭਗਵੰਤ ਮਾਨ ਨੇ ਇੱਕ ਮਹੀਨੇ 'ਚ ਪੰਜਾਬ ਨੂੰ ਚਿੱਟਾ ਮੁੱਕਤ ਕਰਨ ਦੀ ਗੱਲ ਕਹੀ ਸੀ, ਪਰ ਚਾਰ ਸਾਲ ਬੀਤਣ ਦੇ



ਬਾਅਦ ਵੀ ਪੰਜਾਬ ਚਿੱਟੇ ਦੀ ਮੰਡੀ ਬਣਿਆ ਹੋਇਆ ਹੈ ਅਤੇ ਲਾਅ ਐਂਡ ਆਰਡਰ ਦਾ ਬਹੁਤ ਮਾੜਾ ਹਾਲ ਹੈ । ਉਹਨਾਂ ਕਿਹਾ ਕਿ ਆਪਣੇ ਆਪ ਨੂੰ ਮਾਸਟਰ ਦਾ ਮੁੰਡਾ ਦੱਸ ਕੇ ਭਗਵੰਤ ਮਾਨ ਸਕੂਲ ਅਧਿਆਪਕਾਂ ਦੇ ਜਜਬਾਤਾਂ ਨਾਲ ਖੇਡਿਆ, ਉਹਨਾਂ ਦੀਆ ਵੋਟਾਂ ਲਈਆਂ ਤੇ ਮੁੱਖ ਮੰਤਰੀ ਬਣ ਕੇ ਉਹਨਾਂ ਨੂੰ ਪੁਲਿਸ ਤੋਂ ਕੁਟਵਾਇਆ। ਚੋਣਾ ਤੋਂ ਪਹਿਲਾਂ ਰਜਿਸਟਰੀਆਂ ਲਈ ਐਨ.ਓ.ਸੀ. ਖਤਮ ਕਰਨ ਦੇ ਦਾਅਵੇ ਕੀਤੇ ਪਰ ਐਨਉਸੀ ਲਈ ਅੱਜ ਵੀ ਤਹਿਸੀਲਾਂ ਵਿੱਚ ਲੋਕ ਖੱਜਲ ਖੁਆਰ ਹੋ ਰਹੇ ਹਨ। ਉਹਨਾ ਕਿਹਾ ਕਿ ਮਾਨ ਸਰਕਾਰ ਨੇ ਕਿਸਾਨਾਂ ਨੂੰ ਝੂਠੇ ਲਾਅਰੇ ਲਾਏ ਅਤੇ ਬਾਅਦ ਵਿੱਚ ਉਹਨਾਂ ਤੇ ਵੀ ਤਸ਼ੱਦਦ ਕੀਤਾ। ਉਹਨਾਂ ਕਿਹਾ ਕਿ ਔਰਤਾਂ ਨੂੰ ਇੱਕ ਹਜਾਰ ਰੁਪਏ ਮਹੀਨਾ ਭੱਤਾ ਦੇਣ ਦਾ ਵਾਅਦਾ ਨਿਰਾ ਝੂਠ ਸਾਬਿਤ ਹੋਇਆ। ਉਹਨਾਂ ਨੇ ਪੰਜਾਬ ਭਰ ਦੇ ਸਮੂਹ ਪਿੰਡਾਂ ਦੇਵੋਟਰਾਂ ਨੂੰ ਪੁਰਜੋਰ ਅਪੀਲ ਕੀਤੀ ਕਿ ਆਮ ਆਦਮੀ ਪਾਰਟੀ ਨੂੰ ਭੁੱਲ ਕੇ ਵੀ ਵੋਟ ਨਾ ਪਾਈ ਜਾਵੇ। ਉਹਨਾ ਕਿਹਾ ਕਿ ਜੇਕਰ ਪੰਜਾਬ ਨੂੰ ਦੁਬਾਰਾ ਤਰੱਕੀ ਦੀਆਂ ਲੀਹਾਂ 'ਤੇ ਲਿਆਉਣਾ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰਾਂ ਨੂੰ ਵੱਧ ਤੋ ਵੱਧ ਵੋਟਾ ਨਾਲ ਜਿਤਾਕੇ 2027 ਵਿੱਚ ਸੂਬੇ ਦੀ ਸੱਤਾ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹੱਥਾਂ ਵਿੱਚ ਦੇਣ ਦਾ ਰਾਹ ਪੱਧਰਾ ਕੀਤਾ ਜਾਵੇ।

# ਸੀ ਪੀ ਆਈ ਐਮ ਐਲ ਨੇ ਔੜ ਬਲਾਕ ਤੋੜਨ ਵਿਰੁੱਧ ਚੋਣਾਂ ਦੇ ਬਾਈਕਾਟ ਦੀ ਮੁਹਿੰਮ ਭਖਾਈ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸੀ ਪੀ ਆਈ ( ਐਮ ਐਲ) ਨਿਊ ਡੈਮੋਕਰੇਸੀ ਅਤੇ ਕਿਰਤੀ ਕਿਸਾਨ ਯੂਨੀਅਨ ਵਲੋਂ ਔੜ ਬਲਾਕ ਤੋੜਨ ਦੇ ਵਿਰੋਧ ਵਿਚ ਬਲਾਕ ਸੰਮਤੀ ਅਤੇ ਜਿਲਾ ਪਰੀਸ਼ਦ ਦੀਆਂ ਚੋਣਾਂ ਦਾ ਬਾਈਕਾਟ ਕਰਨ ਲਈ ਪਿੰਡਾਂ ਵਿੱਚ ਚਲਾਈ ਮੁਹਿੰਮ ਤਹਿਤ ਦੋ ਦਰਜਨ ਦੇ ਕਰੀਬ ਪਿੰਡਾਂ ਵਿੱਚ ਪਹੁੰਚ ਕੀਤੀ ਗਈ। ਇਸ ਮੁਹਿੰਮ ਤਹਿਤ ਔੜ, ਉੜਾਪੜ, ਗੜ੍ਹ ਪਧਾਣਾ, ਗਰਚਾ, ਬਹਾਦਰ ਪੁਰ, ਬਜੀਦ ਪੁਰ, ਦੁਧਾਲਾ, ਤਾਜਪੁਰ-ਖੋਜੇ, ਗੜ੍ਹੀ ਭਾਰਟੀ, ਸਾਹਲੋਂ, ਸਕੋਹ ਪੁਰ ਅਤੇ ਮਾਹਲ ਖੁਰਦ, ਫਾਂਬੜਾ, ਖੜ੍ਹਕੂਵਾਲ, ਕਹਲੋਂ, ਭਰਟਾ ਖੁਰਦ, ਭਾਰਟਾ ਕਲਾਂ, ਦਰੀਆ ਪੁਰ, ਕੰਗਾਂ, ਮਹਿਰਮਪੁਰ, ਮੱਲ ਪੁਰ, ਮਾਹਲ ਖੁਰਦ ਆਦਿ ਪਿੰਡਾਂ ਦੇ ਲੋਕਾਂ ਤਕ ਪਹੁੰਚ ਕੀਤੀ ਗਈ। ਟੀਮ ਵਲੋਂ ਲੋਕਾਂ ਨੂੰ ਮਿਲਕੇ ਚੋਣਾਂ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ।ਇਸ ਟੀਮ ਦੀ ਅਗਵਾਈ ਪਾਰਟੀ ਦੇ ਆਗੂ ਦਲਜੀਤ ਸਿੰਘ ਐਡਵੋਕੇਟ ਨੇ ਕੀਤੀ। ਉਹਨਾਂ ਦੇ ਨਾਲ ਨਰਿੰਦਰ ਸਿੰਘ ਉੜਾਪੜ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ, ਸੁਰਿੰਦਰ ਸਿੰਘ ਮਹਿਰਮਪੁਰ, ਬਲਦੇਵ ਸਿੰਘ, ਕਰਨੈਲ ਸਿੰਘ, ਮੋਹਨ ਸਿੰਘ ਅਤੇ ਚਰਨ ਸਿੰਘ ਵੀ ਸਨ।

for more news visit:
www.samajweekly.com

# ਸ੍ਰੀ ਚਰਨਛੋਹ ਬੇਗਮਪੁਰਾ ਲਈ ਦੇਵ ਰਾਜ ਲੰਗਾਹ ਇੰਗਲੈਂਡ ਪਰਿਵਾਰ ਵਲੋਂ ਦੋਹਤੇ ਦੀ ਖੁਸ਼ੀ ਵਿਚ 11 ਹਜ਼ਾਰ ਦੀ ਸੇਵਾ ਭੇਜੀ

**ਹੁਸ਼ਿਆਰਪੁਰ /ਸ੍ਰੀ ਖੁਰਾਲਗੜ੍ਹ ਸਾਹਿਬ (ਤਰਸੇਮ ਦੀਵਾਨਾ )** - ਸ੍ਰੀ ਗੁਰੂ ਰਵਿਦਾਸ ਇਤਿਹ-ਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਦੇ ਲੰਗਰਾਂ ਲਈ ਦੇਵ ਰਾਜ ਲੰਗਾਹ ਇੰਗਲੈਂਡ ਨਿਵਾਸੀ ਪਰਿਵਾਰ ਵਲੌਂ ਦੋਹਤੇ ਦੀਆਂ ਖੁਸ਼ੀਆਂ ਵਿਚ ਗੁਰੂ ਮਹਾਰਾਜ ਦਾ ਸ਼ੁਕਰਾਨਾ ਕਰਦਿਆਂ 11 ਹਜਾਰ ਰੁਪਏ ਦੀ ਸੇਵਾ ਦਾ ਯੋਗਦਾਨ ਪਾਇਆ ਗਿਆ। ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਨਾਲ ਫੋਨ ਤੇ ਗੱਲਬਾਤ ਕਰਦਿਆਂ ਦੇਵ ਰਾਜ ਲੰਗਾਹ ਨੇ

ਸ੍ਰੀ ਚਰਨਛੋਹ ਬੇਗਮਪੁਰਾ ਵਿਖੇ ਆਉਣ ਵਾਲੇ ਸਮੇਂ ਵਿਚ ਵੀ ਗੁਰੂਘਰ ਵਿਖੇ ਸੇਵਾ ਲਈ ਲੰਗਾਹ ਪਰਿਵਾਰ ਵਲੌਂ ਹਾਜਰ ਰਹਿਣ ਦਾ ਸੰਕਲਪ ਲਿਆ। ਆਦਿ ਧਰਮ ਸਾਧੂ ਸਮਾਜ ਦੇ ਰਾਸ਼ਟਰੀ ਪ੍ਰਧਾਨ ਸੰਤ ਸਰਵਣ ਦਾਸ ਜੀ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਅਤੇ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਵਲੋਂ ਸ੍ਰੀ ਬੇਗਮਪੁਰਾ ਗੁਰੂਘਰ ਦੀ ਸੇਵਾ ਲਈ ਪਾਏ ਯੋਗਦਾਨ ਲਈ ਦੇਵ ਰਾਜ ਲੰਗਾਹ ਇੰਗਲੈਂਡ ਨਿਵਾਸੀ ਪਰਿਵਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ।



ਇਸ ਮੌਕੇ ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਵਿਖੇ ਸੰਤਾਂ ਮਹਾਂਪੁਰਸ਼ਾਂ ਅਤੇ ਸੰਗਤਾਂ ਵਲੌਂ ਬਹੁਤ ਵੱਡੀ ਸੇਵਾ ਆਰੰਭ ਕੀਤੀ ਗਈ ਹੈ ਅਤੇ ਸਤਿਸੰਗ ਸਮਾਗਮ ਆਰੰਭ ਕੀਤੇ ਜਾ ਰਹੇ ਹਨ । ਉਨਾਂ ਕਿਹਾ ਕਿ ਸਾਲ 2026-27 ਦੇ ਸਮੇਂ ਅੰਦਰ ਸ੍ਰੀ ਚਰਨਛੋਹ ਬੇਗਮਪੁਰਾ ਆਦਿ ਧਰਮ ਮਿਸ਼ਨ ਦੇ ਪ੍ਰਚਾਰ ਦਾ ਇੱਕ ਵੱਡਾ ਪਲੇਟਫਾਰਮ ਅਤੇ ਕੇਂਦਰ ਬਣ ਜਾਵੇਗਾ। ਓਨਾਂ ਕਿਹਾ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਮਨਾਂ ਅੰਦਰ ਭਾਰੀ ਸ਼ਰਧਾ ਹੈ ਅਤੇ ਸਹਿਯੋਗ ਤੇ ਸਮਰਥਨ ਪ੍ਰਾਪਤ ਹੋ ਰਿਹਾ ਹੈ, ਜਿਸ ਲਈ ਆਦਿ ਧਰਮ ਮਿਸ਼ਨ ਹਮੇਸ਼ਾ ਸੰਗਤਾਂ ਦਾ ਰਿਣੀ ਤੇ ਧੰਨਵਾਦੀ ਰਹੇਗਾ ।

ਫੋਟੋ ਅਜਮੇਰ ਦੀਵਾਨਾ

# ਸੱਭਿਆਚਾਰ ਅਤੇ ਦਲੇਰੀ ਲਈ ਮਸ਼ਹੂਰ ਪੰਜਾਬ ਹੁਣ ਨਸ਼ੇੜੀ ਪੰਜਾਬ ਵਜੋਂ ਬਦਨਾਮ ਹੋ ਰਿਹਾ ਹੈ : ਬਲਜਿੰਦਰ ਸਿੰਘ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਦਲ ਖ਼ਾਲਸਾ ਦੇ ਜਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਬਲਜਿੰਦਰ ਸਿੰਘ ਖਾਲਸਾ ਨੇ ਪੰਜਾਬ ਵਿੱਚ ਵੱਧ ਰਹੇ ਨਸ਼ੇ ਦੇ ਖ਼ਤਰੇ ਨੂੰ ਲੈ ਕੇ ਗੰਭੀਰ ਚਿੰਤਾ ਜ਼ਾਹਿਰ ਕੀਤੀ । ਉਨ੍ਹਾਂ ਕਿਹਾ ਕਿ ਨਸ਼ਾ ਰੋਜ਼ਾਨਾ ਕਈ ਨੌਜਵਾਨਾਂ ਦੀ ਜਾਨ ਲੈ ਰਿਹਾ ਹੈ ਅਤੇ ਘਰਾਂ ਵਿੱਚ ਸੱਥਰ ਵਿਸਾ ਕੇ ਬੇਬਸੀ ਦਾ ਮੰਜ਼ਰ ਪੈਦਾ ਕਰ ਰਿਹਾ ਹੈ। ਉਹਨਾਂ ਕਿਹਾ ਕਿ ਅੱਜ ਪੰਜਾਬ ਦਾ ਹਾਲ ਇਹ ਹੈ ਕਿ ਮਾਵਾਂ ਦੀਆਂ ਅੱਖਾਂ ਵਿੱਚੋ ਹੰਝੂ ਵੱਗਦੇ ਹਨ ! ਉਹਨਾਂ ਕਿਹਾ ਕਿ ਨਸ਼ਾ ਮਾਫੀਆ ਦਾ



ਕਾਰੋਬਾਰ ਰੁਕਣ ਦਾ ਨਾਮ ਨਹੀਂ ਲੈ ਰਿਹਾ। ਉਨ੍ਹਾਂ ਕਿਹਾ ਕਿ ਸੱਭਿਆਚਾਰ ਅਤੇ ਦਲੇਰੀ ਲਈ ਮਸ਼ਹੂਰ ਪੰਜਾਬ ਹੁਣ ਨਸ਼ੇੜੀ ਪੰਜਾਬ ਵਝੋ ਬਦਨਾਮ ਹੋ ਰਿਹਾ ਹੈ, ਜੋ ਹਰ ਪੰਜਾਬੀ ਲਈ ਚਿੰਤਾ ਦਾ ਵਿਸ਼ਾ ਹੈ। ਉਹਨਾਂ ਕਿਹਾ ਕਿ ਨਸ਼ੇ ਦੀ ਹੋ ਰਹੀ ਬੇਤਹਾਸ਼ਾ ਵਿਕਰੀ ਦੇ ਬਾਵਜੂਦ ਸਰਕਾਰ ਵੱਲੋਂ ਚਿੱਟੇ ਦੀ ਵਿਕਰੀ ਦੇ ਵਿਰੁੱਧ ਕਿਸੇ ਵੀ ਤਰ੍ਹਾਂ ਦੇ ਪ੍ਰਭਾਵਸ਼ਾਲੀ ਕਦਮ ਦੀ ਕਮੀ ਕਾਰਨ ਹਾਲਾਤ ਬੇਕਾਬੂ ਹੁੰਦੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਹੁਣ ਵੀ ਸਰਕਾਰ ਦੀ ਨੀਂਦ ਨਾ ਖੁੱਲੀ ਤਾਂ ਇਹ ਸਮੱਸਿਆ ਸਰਕਾਰ ਦੇ ਵੱਸੋਂ ਬਾਹਰ ਹੋ ਸਕਦੀ ਹੈ। ਉਹਨਾਂ ਪੰਜਾਬ ਸਰਕਾਰ ਨੂੰ ਸੁਝਾਅ ਦਿੱਤਾ ਕਿ ਜਿਵੇਂ ਉੱਤਰ ਪ੍ਰਦੇਸ਼ ਸਰਕਾਰ ਨੇ ਨਸ਼ੇ ਦੇ ਕੋਹੜ ਨੂੰ ਰੋਕਣ ਲਈ ਨਸ਼ਾ ਵਿਰੋਧੀ ਫੋਰਸ ਬਣਾਈ ਹੈ, ਉਸੇ ਤਰ੍ਹਾਂ ਪੰਜਾਬ ਸਰਕਾਰ ਨੂੰ ਵੀ ਮਜ਼ਬੂਤ ਇਛਾ ਸ਼ਕਤੀ ਨਾਲ ਖਾਸ ਫੋਰਸ ਬਣਾਕੇ ਕਾਰਵਾਈ ਨੂੰ ਤੇਜ਼ ਕਰਨਾ ਚਾਹੀਦਾ ਹੈ, ਤਾਂ ਜੋ ਜਵਾਨੀ ਨੂੰ ਬੇਵਕਤੀ ਮੌਤ ਨਾ ਮਰਨਾ ਪਵੇ !

# ਮੈਗਾ ਪੀ.ਟੀ.ਐਮ. ਸਬੰਧੀ ਹੋਈ ਰਿਸੋਰਸ ਪਰਸਨ ਦੀ ਜ਼ਿਲ੍ਹਾ ਪੱਧਰੀ ਟ੍ਰੇਨਿੰਗ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** - ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਿਲ੍ਹਾ ਸਿੱਖਿਆ ਅਫ਼ਸਰ ( ਐਲੀ. ਸਿੱ .) ਹਰਜਿੰਦਰ ਕੌਰ ਅਤੇ ਡਿਪਟੀ ਜਿਲ੍ਹਾ ਸਿੱਖਿਆ ਅਫ਼ਸਰ (ਐਲੀ ਸਿ) ਅਮਨਦੀਪ ਸ਼ਰਮਾ ਦੀ ਅਗਵਾਈ ਹੇਠ ਮੈਗਾ ਪੀ.ਟੀ.ਐੱਮ. ਸਬੰਧੀ ਕਲੱਸਟਰ ਰਿਸੋਰਸ ਪਰਸਨ ਦੀ ਟ੍ਰੇਨਿੰਗ ਸੀ.ਆਰ.ਸੀ. ਰੇਲਵੇ ਮੰਡੀ ਹੁਸ਼ਿਆਰਪੁਰ ਵਿਖੇ ਹੋਈ, ਜਿਸ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਿੱਖਿਆ ਬਲਾਕ ਹੁਸ਼ਿਆਰਪੁਰ 1-ਬੀ , ਹੁਸ਼ਿਆਰਪੁਰ 1-ਏ , ਭੂੰਗਾ-1 , ਭੂੰਗਾ-2 ਅਤੇ ਬੁੱਲ੍ਹੋਵਾਲ ਦੇ ਕਲੱਸਟਰ ਪੱਧਰੀ ਰਿਸੋਰਸ ਪਰਸਨ ਨੇ ਭਾਗ ਲਿਆ। ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਹਰਮਿੰਦਰ ਸਿੰਘ ਨੇ ਸਿੱਖਿਆ ਵਿਭਾਗ ਦੁਆਰਾ ਦਿੱਤੇ



ਗਏ ਦਿਸ਼ਾ ਨਿਰਦੇਸ਼ਾਂ ਦੀ ਪੂਰਨ ਰੂਪ ਵਿੱਚ ਪਾਲਣਾ ਕਰਨ ਲਈ ਕਿਹਾ। ਉਨ੍ਹਾਂ ਸਰਕਾਰੀ ਸਕੂਲਾਂ ਅੰਦਰ ਕਰਵਾਈ ਜਾ ਰਹੀ ਮੈਗਾ ਪੀ.ਟੀ.ਐੱਮ. ਵਿੱਚ ਮਾਪਿਆਂ ਦੀ ਭਾਗੀਦਾਰੀ ਸੌ ਪ੍ਰਤੀਸ਼ਤ ਕਰਨ ਲਈ ਪੁਰਜ਼ੋਰ ਉਪਰਾਲਾ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਰਿਸੋਰਸ ਪਰਸਨ ਅਸ਼ੋਕ ਕੁਮਾਰ , ਨਵਜੋਤ ਸਿੰਘ , ਮੁਨੀਰ ਨਇਅਰ ਨੇ ਸ਼ਾਮਲ ਕਲੱਸਟਰ ਰਿਸੋਰਸ ਪਰਸਨ ਨੂੰ ਟ੍ਰੇਨਿੰਗ ਦਿੱਤੀ । ਇਸ ਮੌਕੇ ਬੀਐਨਓ ਸਰੂਪ ਲਾਲ , ਬੀਐਨਓ ਉਂਕਾਰ ਸਿੰਘ , ਸੀ ਐਚ ਟੀ ਜਗਜੀਤ ਸਿੰਘ, ਸੀ ਐਚ ਟੀ ਹੈਡ ਟੀਚਰ ਰਿੰਪਲ ਕੁਮਾਰ, ਰੇਨੂੰ ਦੱਤਾ, ਜਸਵਿੰਦਰ ਕੌਰ ਆਦਿ ਹਾਜ਼ਰ ਸਨ।

# ਤੱਖਰਾਂ ਬਲਾਕ ਸੰਮਤੀ ਤੋਂ ਕੁਲਦੀਪ ਕੌਰ ਦਾ ਚੋਣ ਪ੍ਰਚਾਰ ਜੋਰਾਂ ਉੱਤੇ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ।** ਜਿਲਾ ਲੁਧਿਆਣਾ ਦੇ ਇਤਿਹਾਸ ਸ਼੍ਰੀ ਮਛਵਾੜਾ ਸਾਹਿਬ ਬਲਾਕ ਨਾਲ ਸਬੰਧਿਤ ਜ਼ਿਲਾ ਪਰਿਸ਼ਦ ਜੋਨ ਨੀਲੋ ਤੋਂ ਭੁਪਿੰਦਰ ਸਿੰਘ ਸੈਂਸੋਵਾਲ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਨ ਉਹਨਾਂ ਦਾ ਚੋਣ ਕਾਫਲਾ ਅੱਜ ਮਾਛੀਵਾੜਾ ਸਾਹਿਬ ਦੇ ਨਜ਼ਦੀਕੀ ਪਿੰਡ ਇਰਾਕ ਭੱਟੀਆਂ ਤੱਖਰਾਂ ਦੇ ਵਿੱਚ ਚੋਣ ਪ੍ਰਚਾਰ ਲਈ ਪਿੰਡਾਂ ਵਿੱਚ ਗਿਆ। ਪਿੰਡ ਤੱਖਰਾ ਦੀ ਬਲਾਕ ਸੰਮਤੀ ਜੋਨ ਤੋਂ ਕੁਲਦੀਪ ਕੌਰ ਪਤਨੀ ਸੂਬੇਦਾਰ ਨਰਿੰਦਰ ਸਿੰਘ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਨ ਪਿੰਡ ਪੱਥਰਾਂ ਦੇ ਵਿੱਚ ਪ੍ਰਮੁੱਖ ਚੌਧਰਿਆ ਉਤੇ ਇਕ ਭਰਮੀ ਮੀਟਿੰਗ ਹੋਈ ਜਿਸ ਵਿੱਚ ਜਿਲਾ ਪ੍ਰੀਸ਼ਦ ਮੈਂਬਰ ਭੁਪਿੰਦਰ ਸਿੰਘ ਸੈਸੋਂਵਾਲ,ਨਗਰ ਕੌਂਸਲ ਮਾਛੀਵਾੜਾ ਦੇ ਪ੍ਰਧਾਨ ਸੋਨੂ ਕੁੰਦਰਾ, ਪ੍ਰਿੰਸ ਮਿੱਠੇਵਾਲ ਸਰਪੰਚ ਗੁਰਪ੍ਰੀਤ



ਸਿੰਘ ਈਸੇਪੁਰ ਤੇ ਹੋਰ ਪਾਰਟੀ ਦੇ ਆਗੂ ਵਰਕਰ ਇਸ ਮੀਟਿੰਗ ਵਿੱਚ ਪੁੱਜੇ ਉਹਨਾਂ ਨੇ ਲਗਨ ਵਾਸੀਆਂ ਨੂੰ ਪੰਜਾਬ ਸਰਕਾਰ ਦੀਆਂ ਸਕੀਮਾਂ ਤੇ ਆਉਣ ਵਾਲੇ ਪ੍ਰੋਗਰਾਮ ਤੋਂ ਜਾਣੂ ਕਰਵਾਇਆ। ਮੀਟਿੰਗ ਦੇ ਵਿੱਚ ਵੱਡੀ ਗਿਣਤੀ ਵਿੱਚ ਪਿੰਡ ਤੇ ਇਲਾਕੇ ਦੇ ਲੋਕਾਂ ਨੇ ਸ਼ਿਰਕਤ ਕੀਤੀ ਸੂਬੇਦਾਰ ਨਰਿੰਦਰ ਸਿੰਘ ਨੇ ਆਏ ਹੋਏ ਪਤਵੰਤੇ ਸੱਜਣਾਂ ਨੂੰ ਜੀ ਆਇਆ ਆਖਿਆ। ਇਸ ਮੌਕੇ ਆਤਮਾ ਸਿੰਘ ਬਾਬਾ ਅਮਰ ਸਿੰਘ ਕੁਲਦੀਪ ਸਿੰਘ ਲਾਲਾ ਬਿਜਲੀ ਵਾਲਾ ਗੁਰਮੀਤ ਸਿੰਘ ਖੋਖਰਾਂ ਹਰਮੋਹਨ ਸਿੰਘ ਗੁਰਦੀਪ ਭਲਵਾਨ ਲਾਭ ਸਿੰਘ ਜਗਰਾਜ ਸਿੰਘ ਜ਼ਾਦੀ ਤੱਖਰਾਂ ਅਮੀ ਦੀਨ ਬੋਹਾਪੁਰ ਨੂਰਦੀਨ ਖੋਖਰਾਂ ਸ਼ੇਰ ਸਿੰਘ ਸੋਨੀ ਨਾਗਰਾ ਨਗਰ ਨਿਵਾਸੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬੀਬੀਆਂ ਵੀ ਹਾਜ਼ਰ ਸਨ।

for more news visit:
www.samajweekly.com

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) -------- 1 ਮਹੀਨੇ ਦੀ ਕੀਮਤ £35
2) -------- 1 ਮਹੀਨੇ ਦੀ ਕੀਮਤ £35
3) (HEALTHY SPERMS) -1 ਮਹੀਨੇ ਦੀ ਕੀਮਤ £40
4) -------- 1 ਮਹੀਨੇ ਦੀ ਕੀਮਤ £35
5) -------- 1 ਮਹੀਨੇ ਦੀ ਕੀਮਤ £35
6) -------- 1 ਮਹੀਨੇ ਦੀ ਕੀਮਤ £30
7) -------- 1 ਮਹੀਨੇ ਦੀ ਕੀਮਤ £25
8) -------- 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

INFORMATION ---- 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS): (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... £89
ਨੁਸਖਾ ਨੰਬਰ 3 (IN CAPSULES): (POWERFUL FAT BURNER) ... £69
ਨੁਸਖਾ ਨੰਬਰ 4 (IN CAPSULES): (FLABBY & OUT OF SHAPE BELLY) ... FLAT ... TONED ... £69
ਨੁਸਖਾ ਨੰਬਰ 5 (IN CAPSULES): (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS): SEXUAL DISCOMFORT ... (VAGINAL LUBRICATION GEL / MAGIC) — £49
ਨੁਸਖਾ ਨੰਬਰ 7 (IN CAPSULES): (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES): ... £59
ਨੁਸਖਾ ਨੰਬਰ 9 (IN CAPSULES): ... £59
ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP ------ £59
ਨੁਸਖਾ ਨੰਬਰ 11 (IN TABLETS): ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
ਨੁਸਖਾ ਨੰਬਰ 13 (IN VIALS): ... £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutits), (Sterility), (Miscarriage), (Diseases of Post Partum), (Menopause Disorders)

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: (Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy)

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

PILAES (IN OINTMENT) £19
NURALACO (IN OINTMENT OR LOTION) £19
CHILLAGA (IN OINTMENT OR LOTION) £19
ARNSTRA (IN OINTMENT) (SPRAINS) (BED SORES) £19
BELINFLA (IN OIL OR OINTMENT) £19
BELULCE (IN OIL) ULCERS £19
BRYJOIN (IN OIL) £19
CALWOUN (IN OIL OR OINTMENT) £19
BURCAN (IN LOTION OR OINTMENT) £19
ROUTUM (IN OINTMENT) £19
JOINRHU (IN OIL) £19
ABSSIL (IN LOTION) £19
ITCSUL (IN OIL) £19
WARTHU (IN OIL) (WARTS) £19

* HOMOEOPATHIC HEALTH CLINIC ... £10 ...

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਹੋਰ ਜਾਣਕਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

# ਸੇਠ ਤਾਰਾ ਚੰਦ ਜੀ ਦੀ ਬਰਸੀ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਈ ਗਈ

**ਭੀਖੀ ( ਕਮਲ ਜਿੰਦਲ)** ਸ਼੍ਰੀ ਤਾਰਾ ਚੰਦ ਜੀ ਦੀ ਬਰਸੀ ਸ਼ਾਨਦਾਰ ਢੰਗ ਨਾਲ ਮਨਾਈ ਗਈ ਸਥਾਨਕ ਸ਼੍ਰੀ ਤਾਰਾ ਚੰਦ ਵਿਦਿਆ ਮੰਦਰ ਸੀਨੀਅਰ ਸੈਕੈਂਡਰੀ ਸਕੂਲ, ਵਿੱਚ ਸਕੂਲ ਦੇ ਸੰਸਥਾਪਕ ਅਤੇ ਸਕੂਲ ਨੂੰ ਆਪਣਾ ਨਾਮ ਬਖ਼ਸ਼ਣ ਵਾਲੇ ਸੇਠ ਤਾਰਾ ਚੰਦ ਜੀ ਦੀ ਬਰਸੀ ਆਦਰ ਅਤੇ ਸ਼ਰਧਾ ਨਾਲ ਮਨਾਈ ਗਈ। ਪ੍ਰੋਗਰਾਮ ਦੀ ਸ਼ੁਰੂਆਤ ਮੰਗਲਮਈ ਸਰਸਵਤੀ ਵੰਦਨਾ ਨਾਲ ਕੀਤੀ ਗਈ। ਇਸ ਮੌਕੇ ਬ੍ਰਹਮਕੁਮਾਰੀ ਆਸ਼ਰਮ ਭੀਖੀ ਦੀ ਸੰਚਾਲਿਕਾ ਦੀਦੀ ਰੂਪਿੰਦਰ ਜੀ ਨੇ ਸੇਠ ਤਾਰਾ ਚੰਦ ਜੀ ਦੇ ਚਰਨਾਂ ਵਿੱਚ ਸ਼ਰਧਾਂਜਲੀ ਅਰਪਿਤ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਮਹੱਤਵ, ਸੱਚੇ ਰਸਤੇ ਅਤੇ ਸੰਸਕਾਰਾਂ ਦੀ ਪਾਲਣਾ ਕਰਨ



ਲਈ ਪ੍ਰੇਰਿਤ ਕੀਤਾ। ਸਕੂਲ ਦੇ ਸਰਪ੍ਰਸਤ ਡਾ. ਯਸ਼ਪਾਲ ਸਿੰਗਲਾ ਨੇ ਸਕੂਲ ਦੀ ਸਥਾਪਨਾ ਨਾਲ ਸੰਬੰਧਤ ਆਪਣੇ ਕੀਮਤੀ ਤਜਰਬੇ ਸਾਂਝੇ ਕੀਤੇ ਅਤੇ ਸੇਠ ਤਾਰਾ ਚੰਦ ਦੁਆਰਾ ਕੀਤੇ ਮਹੱਤਵਪੂਰਨ ਯੋਗਦਾਨ ਦਾ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਸੇਠ ਜੀ ਨੇ ਸਮਾਜ ਦੇ ਬੱਚਿਆਂ ਦੀ ਸਿੱਖਿਆ ਲਈ ਨਿਸ਼ਕਾਮ ਭਾਵਨਾ ਨਾਲ ਸੇਵਾ ਸਮਰਪਿਤ ਕੀਤੀ। ਇਸ ਮੌਕੇ 'ਤੇ ਸਕੂਲ ਦੇ ਸਰਪ੍ਰਸਤ ਡਾ. ਯਸ਼ਪਾਲ ਸਿੰਗਲਾ ਤੇ ਬ੍ਰਹਮਕੁਮਾਰੀ ਆਸ਼ਰਮ ਭੀਖੀ ਦੀ ਸੰਚਾਲਿਕਾ ਦੀਦੀ ਰੂਪਿੰਦਰ ਤੋਂ ਇਲਾਵਾ ਸਹਿ-ਸੰਚਾਲਿਕਾ ਦੀਦੀ ਸਪਨਾ, ਹੋਰ ਸੇਵਿਕਾਵਾਂ, ਸਥਾਨਕ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬ੍ਰਿਜ ਲਾਲ, ਪ੍ਰਬੰਧਕ ਅਤੇ ਸੇਠ ਤਾਰਾ ਚੰਦ ਦੇ ਦਾਮਾਦ ਸਤੀਸ਼ ਕੁਮਾਰ, ਉਪ-ਪ੍ਰਧਾਨ ਅਤੇ ਸੇਠ ਤਾਰਾ ਚੰਦ ਦੇ ਪੋਤੇ ਐਡਵੋਕੇਟ ਮਨੋਜ ਕੁਮਾਰ, ਕਮੇਟੀ ਮੈਂਬਰ ਰਾਕੇਸ਼ ਕੁਮਾਰ,



ਨੀਲਮ ਮਨਚੰਦਾ, ਡਾਕਟਰ ਅਸ਼ੋਕ ਕੁਮਾਰ ਅਤੇ ਸੇਠ ਤਾਰਾ ਚੰਦ ਜੀ ਦੀਆਂ ਧੀਆਂ ਦੀਦੀ ਸਰੋਜ ਅਤੇ ਦੀਦੀ ਮੀਨਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।
ਸਮਾਰੋਹ ਦੇ ਅੰਤ 'ਤੇ ਦੀਦੀ ਸਰੋਜ ਵੱਲੋਂ ਸਕੂਲ ਦੇ ਸਮੂਹ ਵਿਦਿਅਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਖ਼ੀਰ ਪ੍ਰਸਾਦ ਦਾ ਵਿਤਰਨ ਕੀਤਾ ਗਿਆ, ਜਿਸ ਨਾਲ ਪੂਰਾ ਮਾਹੌਲ ਭਰਾਵਾਂ, ਸੇਵਾ ਅਤੇ ਸਤਿਕਾਰ ਦੀ ਭਾਵਨਾ ਨਾਲ ਭਰ ਗਿਆ। ਇਸ ਮੌਕੇ ਦੀਦੀ ਸਰੋਜ ਅਤੇ ਸਤੀਸ਼ ਕੁਮਾਰ ਨੇ ਸੇਠ ਤਾਰਾ ਚੰਦ ਨੂੰ ਯਾਦ ਕਰਦਿਆਂ ਹੋਇਆ ਕਿਹਾ ਕਿ ਉਹਨਾਂ ਨੂੰ ਬੜੀ ਖ਼ੁਸ਼ੀ ਹੈ ਕਿ ਉਹਨਾਂ ਦੇ ਪਿਤਾ ਦੇ ਨਾਂ ਤੇ ਚੱਲਦਾ ਸਕੂਲ ਇਲਾਕੇ ਵਿੱਚ ਦਿਨ ਦੁਗਨੀ ਤੇ ਰਾਤ ਚੌਗਣੀ ਤਰੱਕੀ ਕਰ ਰਿਹਾ ਹੈ ਤੇ ਸਕੂਲ ਦਾ ਨਾਂ ਵਧਣ ਦੇ ਨਾਲ ਨਾਲ ਉਹਨਾਂ ਦੇ ਪਿਤਾ ਦਾ ਨਾਮ ਵੀ ਵੱਧ ਰਿਹਾ ਹੈ।
ਅੰਤ ਵਿੱਚ ਸਕੂਲ ਪ੍ਰਿੰਸੀਪਲ ਸੰਜੀਵ ਕੁਮਾਰ ਨੇ ਦੀਦੀ ਸਰੋਜ, ਦੀਦੀ ਰੁਪਿੰਦਰ ਅਤੇ ਸਮੂਹ ਪ੍ਰਬੰਧ ਸਮਿਤੀ ਦਾ ਧੰਨਵਾਦ ਕੀਤਾ। ਪੂਰੇ ਸਮਾਗਮ ਦੌਰਾਨ ਸੇਠ ਤਾਰਾ ਚੰਦ ਜੀ ਦੇ ਉੱਚ ਆਦਰਸ਼ਾਂ ਅਤੇ ਸਿੱਖਿਆ ਪ੍ਰਤੀ ਉਨ੍ਹਾਂ ਦੀ ਅਟੱਲ ਨਿਸ਼ਠਾ ਨੂੰ ਸ਼ਰਧਾ ਨਾਲ ਯਾਦ ਕੀਤਾ ਗਿਆ। ਸਮਾਰੋਹ ਦਾ ਸਮਾਪਨ ਸ਼ਾਂਤੀ ਪਾਠ ਨਾਲ ਕੀਤਾ ਗਿਆ।

# ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀ ਚੋਣਾਂ: ਡੀਐਸਪੀ ਬਲਾਚੌਰ ਨੇ ਕਾਨੂੰਨ ਵਿਵਸਥਾ ਕਾਇਮ ਰੱਖਣ ਲਈ ਪਿੰਡਾਂ ਵਿੱਚ ਕੱਢਿਆ ਫਲੈਗ ਮਾਰਚ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਦੀ ਚੋਣਾ ਦੇ ਮੱਦੇਨਜ਼ਰ, ਕਾਨੂੰਨ ਵਿਵਸਥਾ ਬਣਾਈ ਰੱਖਣ ਅਤੇ ਲੋਕਾਂ ਨੂੰ ਨਿਰਪੱਖ ਤੇ ਬਿਨਾਂ ਕਿਸੇ ਡਰ ਤੋਂ ਵੋਟ ਪਾਉਣ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ, ਡੀਐਸਪੀ ਸ੍ਰੀ ਹਿੰਮਤ ਮਲਹੋਤਰਾ ਬਲਾਚੌਰ ਦੀ ਅਗਵਾਈ ਹੇਠ ਪੁਲਿਸ ਟੀਮ ਐਸਐਚ ੳ ਸਿਟੀ ਰਾਜ ਪਰਵਿੰਦਰ ਕੌਰ ,ਐਸਐਚ ੳ ਸਦਰ ਵਿਕਰਮ ਸਿੰਘ ਰੋੜੀ, ਐਸਐਚ ੳ ਕਾਠਗੜ ਅਭਿਸ਼ੇਕ ਸ਼ਰਮਾ, ਐਸ ਐਚ ੳ ਸਤਨਾਮ ਸਿੰਘ ਪੋਜੇਵਾਲ ਵੱਲੋਂ ਅੱਜ ਇਲਾਕੇ ਦੇ ਵੱਖ-ਵੱਖ ਪਿੰਡਾਂ ਵਿੱਚ ਫਲੈਗ ਮਾਰਚ ਕੱਢਿਆ ਗਿਆ। ਇਹ ਫਲੈਗ ਮਾਰਚ ਖਾਸ ਤੌਰ 'ਤੇ ਉਨ੍ਹਾਂ ਸੰਵੇਦਨਸ਼ੀਲ ਅਤੇ ਅਤਿ-ਸੰਵੇਦਨਸ਼ੀਲ ਪਿੰਡਾਂ ਵਿੱਚ ਕੱਢਿਆ ਗਿਆ ਜਿੱਥੇ ਚੋਣਾਂ ਦੌਰਾਨ ਕਿਸੇ ਤਰ੍ਹਾਂ ਦੀ ਗੜਬੜੀ ਦੀ ਸੰਭਾਵਨਾ ਹੋ ਸਕਦੀ ਹੈ। ਮਾਰਚ ਦਾ ਮੁੱਖ ਮੰਤਵ ਪਿੰਡ ਵਾਸੀਆਂ ਨੂੰ ਸੁਰੱਖਿਆ ਦਾ ਅਹਿਸਾਸ ਕਰਵਾਉਣਾ ਅਤੇ ਇਹ ਯਕੀਨੀ ਬਣਾਉਣਾ ਸੀ ਕਿ ਉਹ ਬਿਨਾਂ ਕਿਸੇ ਲਾਲਚ ਜਾਂ



ਡਰ ਦੇ ਆਪਣੀ ਵੋਟ ਦਾ ਇਸਤੇਮਾਲ ਕਰ ਸਕਣ। ਡੀਐਸਪੀ ਸ਼੍ਰੀ ਹਿੰਮਤ ਮਲਹੋ-ਤਰਾ ਬਲਾਚੌਰ ਨੇ ਇਸ ਮੌਕੇ ਲੋਕਾਂ ਨਾਲ ਗੱਲਬਾਤ ਵੀ ਕੀਤੀ ਅਤੇ ਅਪੀਲ ਕੀਤੀ ਕਿ ਜੇਕਰ ਕੋਈ ਵਿਅਕਤੀ ਉਨ੍ਹਾਂ ਨੂੰ ਡਰਾਉਣ, ਧਮਕਾਉਣ ਜਾਂ ਕਿਸੇ ਕਿਸਮ ਦਾ ਲਾਲਚ ਦੇ ਕੇ ਵੋਟ ਪਾਉਣ ਲਈ ਮਜਬੂਰ ਕਰਦਾ ਹੈ, ਤਾਂ ਉਹ ਤੁਰੰਤ ਪੁਲਿਸ ਜਾਂ ਚੋਣ ਅਧਿਕਾਰੀਆਂ ਨੂੰ ਸੂਚਿਤ ਕਰਨ। ਉਨ੍ਹਾਂ ਨੇ ਸਖ਼ਤ ਚੇਤਾਵਨੀ ਦਿੱਤੀ ਕਿ ਚੋਣਾਂ ਵਿੱਚ ਗੜਬੜੀ ਕਰਨ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਅਨਸਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਉਸ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
ਡੀਐਸਪੀ ਬਲਾਚੌਰ ਨੇ ਪਿੰਡਾਂ ਦੇ ਮੁੱਖ ਚੌਕਾਂ ਵਿੱਚ ਰੁਕ ਕੇ ਸਥਾਨਕ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਪੁਲਿਸ ਪ੍ਰਸ਼ਾਸਨ ਚੋਣਾਂ ਦੌਰਾਨ ਕਿਸੇ ਵੀ ਤਰ੍ਹਾਂ ਦੀ ਧੱਕੇਸ਼ਾਹੀ ਜਾਂ ਗੁੰਡਾਗਰਦੀ ਨੂੰ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਵੋਟ ਪਾਉਣ ਦਾ ਅਧਿਕਾਰ ਹਰੇਕ ਨਾਗਰਿਕ ਦਾ ਜਮਹੂਰੀ ਹੱਕ ਹੈ ਫਲੈਗ ਮਾਰਚ ਦੌਰਾਨ ਡੀਐਸਪੀ ਨੇ ਦੱਸਿਆ ਕਿ ਚੋਣਾਂ ਦੇ ਮੱਦੇਨਜ਼ਰ ਇਲਾਕੇ ਵਿੱਚ ਪੁਲਿਸ ਫੋਰਸ ਵਧਾ ਦਿੱਤੀ ਗਈ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਚੋਣ ਪ੍ਰਕਿਰਿਆ ਦੇ ਅੰਤ ਤੱਕ ਇਲਾਕੇ ਵਿੱਚ ਸੁਰੱਖਿਆ ਪ੍ਰਬੰਧ ਸਖ਼ਤ ਰਹਿਣਗੇ ਅਤੇ ਲੋਕਤੰਤਰੀ ਪ੍ਰਕਿਰਿਆ ਨੂੰ ਸ਼ਾਂਤੀਪੂਰਵਕ ਨੇਪਰੇ ਚਾੜ੍ਹਨ ਲਈ ਪੁਲਿਸ ਪੂਰੀ ਤਰ੍ਹਾਂ ਤਿਆਰ ਹੈ। ਫਲੈਗ ਮਾਰਚ ਦੌਰਾਨ ਪੁਲਿਸ ਮੁਲਾਜ਼ਮਾਂ ਨੇ ਆਪਣੇ ਹਥਿਆਰਾਂ ਨਾਲ ਮੁਸਤੈਦੀ ਦਿਖਾਈ, ਜਿਸ ਨਾਲ ਇਲਾਕੇ ਵਿੱਚਅਮਨ-ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਦਾ ਸੁਨੇ-ਹਾ ਦਿੱਤਾ ਗਿਆ।

# ਚੋਣ ਸਰਗਰਮੀਆਂ ਪੂਰੇ ਜੋਬਨ 'ਤੇ ,14 ਨੂੰ ਪੈਣਗੀਆਂ ਵੋਟਾਂ

## ਪਾਰਟੀਆਂ ਦੇ ਝੰਡੇ ਤੇ ਪੋਸਟਰ ਆਏ ਨਜ਼ਰ, ਆਟੋ ਤੇ ਸਪੀਕਰ ਲਗਾ ਕੇ ਵੋਟਰਾਂ ਨੂੰ ਕੀਤਾ ਜਾ ਰਹੀ ਅਪੀਲ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )-** ਜਿਲ੍ਹੇਂ ਵਿਚ ਹੋ ਰਹੀਆਂ ਜਿਲ੍ਹਾਂ ਪਰਿਸ਼ਦ ਤੇ ਬਲਾਕ ਸੰਮਤੀ ਚੋਣਾਂ ਨੂੰ ਲੈ ਕੇ ਚੋਣ ਸਰਗਰਮੀਆਂ ਪੂਰੇ ਜ਼ੋਬਨ ਤੇ ਹਨਡ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਬਸਪਾ, ਬੀਜੇਪੀ ਅਤੇ ਅਜ਼ਾਦ ਉਮੀਦਵਾਰਾਂ ਵਲੋਂ ਆਪਣੇ ਆਪਣੇ ਉਮੀਦਵਾਰਾਂ ਦਾ ਚੋਣ ਪ੍ਰਚਾਰ ਅਲੱਗ ਅਲੱਗ ਜਿਵੇਂ ਕੀ ਬੋਰਡ ਲਗਾ, ਪਾਰਟੀ ਦੀ ਝੰਡਿਆਂ , ਆਟੋ ਤੇ ਸਪੀਕਰ ਲਗਾ ਕੇ ਕੀਤਾ ਜਾ ਰਿਹਾ ਹੈ ਡ ਪੂਰੇ ਜ਼ੋਰਾਂ ਸ਼ੋਰਾ ਨਾਲ ਚੋਣਾਂ ਦਾ ਵਿਗੁਲ ਵੱਜਣ ਦੇ ਨਾਲ ਨਾਲ ਉਮੀਦਵਾਰਾਂ ਵਲੋਂ ਆਪਣੇ ਆਪਣੇ ਵੋਟਰਾਂ ਨੂੰ ਵੋਟਾਂ ਪਾਉਣ ਲਈ ਅਪੀਲਾਂ ਕੀਤੀਆਂ ਜਾ ਰਹੀਆਂ ਹਨ ਡ ਸਾਰੀਆਂ



ਪਾਰਟੀਆਂ ਦੇ ਆਗੂਆਂ ਨੂੰ ਆਪਣੇ ਆਪਣੇ ਉਮੀਦਵਾਰ ਨੂੰ ਜਿਤਾਉਣ ਲਈ ਦਿਨ ਰਾਤ ਇਕ ਕੀਤਾ ਜਾ ਰਿਹਾ ਹੈ ਡ ਪਿੰਡਾਂ , ਗਲੀ




ਮੁਹੱਲਿਆ ਵਿੱਚ ਦੇਰ ਰਾਤ ਤੱਕ ਨੁਕੜ ਮੀਟਿੰਗਾਂ ਕੀਤੀਆਂ ਜਾ ਰਹੀਆ ਹਨ ਡਪਰ ਇਹ ਸਮਾਂ ਹੀ ਦੱਸੇਗਾ ਕਿ ਕਿਸ ਉਮੀਦਵਾਰ ਨੂੰ ਜਿੱਤ ਪ੍ਰਾਪਤ ਹੁੰਦੀ ਹੈ ਕਿਸ ਨੂੰ ਹਾਰ ਦਾ ਸਾਹਮਣਾ ਕਰਨਾ ਪੈਂਦਾ ਹੈ।

# ਨਕੋਦਰ ਸਹਿਕਾਰੀ ਖੰਡ ਮਿੱਲ ਵੱਲੋਂ ਗੰਨੇ ਦੀ ਅਦਾਇਗੀ 72 ਘੰਟੇ ਦੇ ਵਿਚ-ਵਿਚ ਕੀਤੀ ਜਾ ਰਹੀ ਹੈ- ਜਨਰਲ ਮੈਨੇਜਰ ਤੂਰ

## ਸ਼ੂਗਰ ਮਿੱਲ ਨੂੰ ਕਿਸਾਨਾਂ ਦੀ ਆਪਣੀ ਮਿੱਲ

**ਨਕੋਦਰ (ਹਰਜਿੰਦਰ ਸਿੰਘ ਚੰਦੀ)-** ਪ੍ਰੈਸ ਕਾਨਫਰੰਸ ਦੌਰਾਨ ਜਾਣਕਾਰੀ ਸਾਂਝੀ ਕਰਦਿਆਂ ਸੁਖਵਿੰਦਰ ਸਿੰਘ ਤੂਰ, ਜਨਰਲ ਮੈਨੇਜਰ, ਨਕੋਦਰ ਸਹਿਕਾਰੀ ਖੰਡ ਮਿੱਲ ਵੱਲੋਂ ਦੱਸਿਆ ਗਿਆ ਕਿ ਮਿੱਲ ਦਾ ਪਿੜਾਈ ਸੀਜ਼ਨ 2025-26 ਬਹੁੱਤ ਵਧੀਆ ਅਤੇ ਆਪਣੀ ਪੂਰੀ ਸਮਰੱਥਾ ਤੇ ਚੱਲ ਰਿਹਾ ਹੈ। ਮਿੱਲ ਦੇ ਵਧੀਆ ਚੱਲਣ ਨਾਲ ਮਿੱਲ ਹਲਕੇ ਦੇ ਗੰਨਾਂ ਕਾਸ਼ਤਕਾਰਾਂ ਵਿਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਕਿਉਂਕਿ ਉਨ੍ਹਾਂ ਦਾ ਮੋਢਾ ਗੰਨਾ ਪਹਿਲ ਦੇ ਅਧਾਰ ਤੇ ਪਿੜਾਈ ਹੋ ਰਿਹਾ ਹੈ ਜਿਸ ਨਾਲ ਉਹ ਆਪਣੀ ਅਗਲੀ ਫਸਲ ਦੀ ਬਿਜਾਈ ਸਮੇ-ਸਿਰ ਕਰ ਸਕਦੇ ਹਨ। ਉਨ੍ਹਾਂ ਕਿਹਾ ਇਹ ਮਿੱਲ ਕਿਸਾਨਾਂ ਦੀ ਆਪਣੀ ਮਿੱਲ ਹੈ, ਇਸ ਦੇ ਨਿਰੰਤਰ ਚੱਲਣ ਨਾਲ ਆਮ ਲੋਕਾਂ ਅਤੇ ਗੰਨਾ ਕਾਸ਼ਤਕਾਰਾਂ ਨੂੰ ਬਹੁਤ ਫਾਇਦਾ ਹੋ ਰਿਹਾ ਹੈ। ਮਿੱਲ ਮੈਨੇਜਮੈਂਟ ਇਹ ਯਕੀਨ ਕਰਦੀ ਹੈ ਕਿ ਨਕੋਦਰ ਖੰਡ ਮਿੱਲ ਕੋਆਪਰੇਟਿਵ ਸੈਕਟਰ ਅਤੇ ਐਗਰੀਕਲਚਰ ਨਾਲ ਸਬੰਧਤ ਲੋਕਾਂ ਦਾ ਆਪਣਾ ਅਦਾਰਾ ਹੈ ਅਤੇ



ਹਰ-ਕੋਈ ਇਸ ਵਿਚ ਹਿੱਸੇਦਾਰ ਹੈ। ਗੰਨੇ ਨੂੰ ਪਾਲ ਕੇ ਮਿੱਲ ਵਿਚ ਲਿਆਉਂਣਾ ਕਿਸਾਨਾਂ ਲਈ ਇਕ ਵੱਡਾ ਸੰਘਰਸ਼ ਹੈ। ਲੇਬਰ ਦੀ ਘਾਟ ਹੋਣ ਕਾਰਨ ਗੰਨੇ ਦੀ ਆਮਦ ਘੱਟ ਹੈ, ਇਸ ਲਈ ਕਿਸਾਨਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ; ਮਿੱਲ ਵੱਲੋਂ ਕਿਸਾਨਾਂ ਦੇ ਗਰੁੱਪ ਬਣਾ ਕੇ ਅਤੇ ਐਫਪੀਓ ਬਣਾ ਕੇ ਹਾਰਵੈਸਟਰ ਮਸ਼ੀਨਾਂ ਦਿਵਾਉਂਣ ਬਾਰੇ ਵੀ ਯੋਜਨਾ ਬਣਾਈ ਜਾ ਰਹੀ ਹੈ ਅਤੇ ਇਕ-ਦੋ ਮਸ਼ੀਨਾਂ ਕੁੱਝ ਕਿਸਾਨ ਇਕੱਠੇ ਹੋ ਕੇ ਬਹੁੱਤ ਜਲਦੀ ਲਿਆ ਰਹੇ ਹਨ। ਇਨ੍ਹਾਂ ਮਸ਼ੀਨਾਂ ਦੀ ਵਰਤੋਂ ਨਾਲ ਕਿਸਾਨ ਸਹੀ ਸਮੇਂ ਤੇ ਮੈਚਿਓਰ ਗੰਨਾ ਮਿੱਲ ਵਿਚ ਪਿੜਾਈ ਲਈ ਲਿਆ ਸਕਦੇ ਹਨ ਜਿਸ ਨਾਲ ਖੰਡ ਦੀ ਰਿਕਵਰੀ ਵਧੇਗੀ, ਜਿਸ ਨਾਲ ਮਿੱਲ ਨੂੰ ਵਿੱਤੀ ਫਾਇਦਾ ਵੀ ਹੋਵੇਗਾ ਅਤੇ ਇਸ ਦੇ ਫਾਇਦੇ ਦੇ ਹਿੱਸੇਦਾਰ ਕਿਸਾਨ ਵੀ ਬਣਨਗੇ। ਜਿਸ ਗੰਨੇ ਵਿਚ ਮਿਠਾਸ ਘੱਟ ਹੁੰਦੀ ਹੈ ਉਸ ਨਾਲ ਮਿੱਲ ਨੂੰ ਨੁਕਸਾਨ ਹੁੰਦਾ ਹੈ। ਸਾਨੂੰ ਸਵਾਰਥੀ ਨਹੀਂ ਬਣਨਾ ਚਾਹੀਦਾ ਸਗੋਂ ਸਾਫ-ਸੁਥਰਾ 'ਤੇ ਪਰਾਲੀ ਨਾਲ ਬੰਨ ਕੇ ਮਿੱਲ ਵਿਚ ਗੰਨਾ ਲੈਕੇ ਆਉਂਣਾ ਚਾਹੀਦਾ ਹੈ। ਪ੍ਰਾਈਵੇਟ ਖੰਡ ਮਿੱਲਾਂ ਲਾਲਚ ਦੇਕੇ ਕਿਸਾਨਾਂ ਤੋਂ ਗੰਨਾ ਖ੍ਰੀਦ ਲੈਂਦੀਆਂ ਹਨ ਪਰੰਤੂ ਜੇਕਰ ਸਹਿਕਾਰੀ ਖੰਡ ਮਿੱਲਾਂ ਮੁਕਾਬਲੇ ਵਿਚ ਨਾ ਰਹੀਆਂ ਤਾਂ ਇਹ ਪ੍ਰਾਈਵੇਟ ਮਿੱਲਾਂ ਘੱਟ ਰੇਟ ਦੇਕੇ ਕਿਸਾਨਾ ਦਾ ਸ਼ੋਸ਼ਣ ਕਰ ਸਕਦੀਆਂ ਹਨ। ਇਸ ਲਈ ਜੇਕਰ ਸਹਿਕਾਰਤਾ ਨੂੰ ਬਚਾ ਲਿਆ ਤਾਂ ਸਮਝੋ ਪੰਜਾਬ ਨੂੰ ਬਚਾ ਲਿਆ। ਇਸ ਲਈ ਕਿਸਾਨਾਂ ਨੂੰ ਪੁਰਜੋਰ ਅਪੀਲ ਕੀਤੀ ਜਾਂਦੀ ਹੈ ਕਿ ਉਹ ਮਿੱਲ ਵਿਚ ਗੰਨਾ ਤਾਜਾ, ਸਾਫ-ਸੁੱਥਰਾ, ਆਗ/ਕੱਚੀ ਪੋਰੀ, ਖੋਰੀ ਅਤੇ ਜੜ੍ਹਾਂ ਤੋਂ ਰਹਿਤ ਲੈਕੇ ਆਉਂਣ ਅਤੇ ਗੰਨਾ ਪਰਚੀ ਵਿੱਚ ਦਰਜ਼ ਮਿਤੀ ਅਤੇ ਕਿਸਮ ਮੁਤਾਬਿਕ ਹੀ ਗੰਨਾ ਲੈਕੇ ਆਉਂਣ ਤਾਂ ਜੋ ਗੰਨੇ ਤੋਂ ਖੰਡ ਦੀ ਵਧੇਰੇ ਰਿਕਵਰੀ ਪ੍ਰਾਪਤ ਹੋ ਸਕੇ ਅਤੇ ਮਿੱਲ ਵਧੇਰੇ ਮੁਨਾਫਾ ਕਮਾ ਸਕੇ। ਇਸ ਲਈ ਨਕੋਦਰ ਸਹਿਕਾਰੀ ਖੰਡ ਮਿੱਲ ਦੀ ਬੇਹਤਰੀ ਲਈ ਸਮੁੱਚੇ ਹਲਕੇ ਦੇ ਲੋਕਾਂ ਦੇ ਸਹਿਯੋਗ ਦੀ ਬਹੁੱਤ ਲੋੜ ਹੈ, ਇਸ ਲਈ ਆਉ ਸਾਰੇ ਰਲ-ਮਿਲ ਕੇ ਨਕੋਦਰ ਸਹਿਕਾਰੀ ਖੰਡ ਮਿੱਲ ਦੀ ਬੇਹਤਰੀ ਦੀ ਕੋਸ਼ਿਸ਼ ਕਰੀਏ ਤੇ ਮਿੱਲ ਨੂੰ ਉੱਚੀਆਂ ਪੁਲਾਂਘਾਂ ਵੱਲ ਲੈਕੇ ਜਾਈਏ।

# ਐਮ.ਪੀ.ਐਚ ਡਬਲਿਊ ਯੂਨੀਅਨ ਵੱਲੋਂ ਮੁੱਖ ਮੰਤਰੀ ਦੇ ਓ.ਐਸ.ਡੀ ਸੁੱਖੀ ਘੁੰਮਣ ਨਾਲ ਵਿਸ਼ੇਸ ਮੀਟਿੰਗ

## ਮਲਟੀਪਰਪਜ ਕੇਡਰ ਦੇ ਅਹੁਦੇ ਦਾ ਨਾਮ ਤਬਦੀਲ ਕਰਨ ਲਈ ਵਿੱਤ ਮੰਤਰੀ ਨੂੰ ਵੀ ਦਿੱਤਾ ਮੰਗ ਪੱਤਰ

**ਮਾਲੇਰਕੋਟਲਾ (ਕੁਲਵੰਤ ਸਿੰਘ ਮੁਹਾਲੀ)** ਮਲਟੀਪਰਪਜ਼ ਹੈਲਥ ਇੰਪਲਾਈਜ ਯੂਨੀਅਨ ਪੰਜਾਬ ਦੇ ਵੱਲੋਂ ਸੂਬਾ ਪ੍ਰਧਾਨ ਕੁਲਬੀਰ ਸਿੰਘ ਮੋਗਾ ਦੀ ਅਗਵਾਈ ਹੇਠ ਨਾਮ ਬਦਲੀ ਦੇ ਮੁੱਦੇ ਸੂਬਾ ਕਮੇਟੀ ਦੇ ਆਗੂਆਂ ਵੱਲੋਂ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਓ ਐਸ ਡੀ ਸੁਖਵੀਰ ਸਿੰਘ ਸੁੱਖੀ ਘੁੰਮਣ ਅਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਕੇਡਰ ਦਾ ਨਾਮ ਬਦਲੀ ਕਰਨ ਲਈ ਮੰਗ ਪੱਤਰ ਦਿੱਤਾ ਗਿਆ।ਇਸ ਬਾਰੇ ਗੱਲਬਾਤ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰੈੱਸ ਸਕੱਤਰ ਰਾਜੇਸ਼ ਰਿਖੀ, ਸੂਬਾ ਆਗੂ ਤੇ ਜਿਲ੍ਹਾ ਸੰਗਰੂਰ ਦੇ ਪ੍ਰਧਾਨ ਰਣਧੀਰ ਸਿੰਘ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਮਲਟੀਪਰਪਜ ਕੇਡਰ ਤੇ ਅਹੁਦੇ ਦਾ ਨਾਮ ਤਬਦੀਲ ਕਰਨ ਨੂੰ ਲੈ ਕੇ ਪਿਛਲੇ ਲੰਬੇ ਸਮੇਂ ਤੋਂ ਮੰਗ ਉਠਾਈ ਜਾ ਰਹੀ



ਹੈ ਅਤੇ ਹੁਣ ਇਸ ਸਬੰਧ ਦੇ ਵਿੱਚ ਸੰਘਰਸ਼ ਤੇਜ਼ ਕਰ ਦਿੱਤਾ ਗਿਆ ਹੈ, ਆਗੂਆਂ ਨੇ ਕਿਹਾ ਕਿ ਮਲਟੀਪਰਪਜ ਕੇਡਰ ਦਾ ਨਾਮ ਤਬਦੀਲ ਕਰਨ ਦੇ ਲਈ ਜਥੇਬੰਦੀ ਦੀ ਵੱਲੋਂ ਇੱਕ ਫਾਈਲ ਸਿਹਤ ਵਿਭਾਗ ਪੰਜਾਬ ਦੇ ਰਾਹੀਂ ਪੰਜਾਬ ਸਰਕਾਰ ਪਾਸ ਭੇਜੀ ਗਈ ਹੈ, ਇਸ ਤੋਂ ਇਲਾਵਾ ਜਥੇਬੰਦੀ ਸਿਹਤ ਮੰਤਰੀ ਪੰਜਾਬ ਡਾ ਬਲਵੀਰ ਸਿੰਘ ਨੂੰ ਵੀ ਮੰਗ ਪੱਤਰ ਦੇ ਚੁੱਕੀ ਹੈ। ਜਿਸ ਦੇ ਤਹਿਤ ਮਲਟੀਪਰਪਜ ਕੇਡਰ ਦੇ ਅਹੁਦੇ ਦਾ ਨਾਮ ਤਬਦੀਲ ਕਰਨਾ ਸਮੇਂ ਦੀ ਮੰਗ ਹੈ ਅਤੇ ਸਰਕਾਰ ਤੇ ਇਸ ਮੰਗ ਨੂੰ ਮੰਨਦੇ ਹੋਏ ਕੋਈ ਵੀ ਵਿੱਤੀ ਬੋਝ ਨਹੀਂ ਪੈਂਦਾ.ਉਹਨਾਂ ਦੱਸਿਆ ਕੇ ਇਸ ਮੌਕੇ ਵਿੱਤ ਮੰਤਰੀ ਪੰਜਾਬ ਸ.ਹਰਪਾਲ ਸਿੰਘ ਚੀਮਾ ਅਤੇ ਓ.ਐਸ.ਡੀ ਸੁਖਵੀਰ ਸਿੰਘ ਸੁੱਖੀ ਘੁੰਮਣ ਵੱਲੋਂ ਯੂਨੀਅਨ ਆਗੂਆਂ ਨੂੰ ਵਿਸ਼ਵਾਸ਼ ਦਿਵਾਇਆ ਗਿਆ ਕਿ ਮਲਟੀਪਰਪਜ ਕੇਡਰ ਦਾ ਨਾਮ ਬਦਲਣ ਸਬੰਧੀ ਮਾਮਲਾ ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਆ ਗਿਆ ਹੈ ਅਤੇ ਜਲਦੀ ਹੀ ਜਥੇਬੰਦੀ ਨਾਲ ਮੀਟਿੰਗ ਕੀਤੀ ਜਾਵੇਗੀਙ ਇਸ ਮੌਕੇ ਜਥੇਬੰਦੀ ਦੇ ਸੂਬਾ ਆਗੂ ਜਿਲ੍ਹਾ ਸੰਗਰੂਰ ਦੇ ਪ੍ਰਧਾਨ ਰਣਧੀਰ ਸਿੰਘ ਸੰਗਰੂਰ, ਸੂਬਾ ਪ੍ਰੈਸ ਸਕੱਤਰ ਰਾਜੇਸ਼ ਰਿਖੀ ਪੰਜਗਰਾਈਆਂ, ਸੂਬਾ ਆਗੂ ਅਸ਼ੋਕ ਕੁਮਾਰ,ਸੂਬਾ ਆਗੂ ਨੀਰਜ ਸ਼ਰਮਾ ਧੂਰੀ, ਹਾਜ਼ਰ ਸਨ।

# ਵਰਲਡ ਹਿਊਮਨ ਰਾਈਟਸ ਦਿਵਸ ਮੌਕੇ ਜਥੇਦਾਰ ਨਿਮਾਣਾ ਮਨੁੱਖੀ ਸੇਵਾ ਅਵਾਰਡ ਨਾਲ ਸਨਮਾਨਿਤ

**● ਜਥੇਦਾਰ ਤਰਨਜੀਤ ਸਿੰਘ ਨਿਮਾਣਾ ਸਮੁੱਚੇ ਸਮਾਜ ਲਈ ਪ੍ਰੇਰਨਾ ਸਰੋਤ-ਹਰਮਨਪ੍ਰੀਤ ਸਿੰਘ ਅਨੇਜਾ ● ਕੇਂਦਰ ਸਰਕਾਰ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾ ਕਰੇ-ਜਥੇਦਾਰ ਨਿਮਾਣਾ**

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਹਿਊਮਨ ਰਾਈਟਸ ਪ੍ਰੋਟੈਕਸ਼ਨ ਕਮੇਟੀ ਦੇ ਪ੍ਰਧਾਨ ਹਰਮਨਪ੍ਰੀਤ ਸਿੰਘ ਅਨੇਜਾ ਜੀ ਦੀ ਅਗਵਾਈ ਹੇਠ ਜਨਤਾ ਨਗਰ ਦਫ਼ਤਰ ਵਿਖੇ ਵਰਲਡ ਮਨੁੱਖੀ ਅਧਿਕਾਰ ਦਿਵਸ ਮੌਕੇ ਵਿਸ਼ੇਸ਼ ਇੱਕਤਰਤਾ ਹੋਈ। ਇਸ ਮੌਕੇ ਤੇ ਮੁੱਖ ਮਹਿਮਾਨ ਜਥੇਦਾਰ ਤਰਨਜੀਤ ਸਿੰਘ ਨਿਮਾਣਾ, ਮੁੱਖ ਸੇਵਾਦ-ਾਰ, ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਵਿਸ਼ੇਸ਼ ਤੌਰ ਤੇ ਪੁੱਜੇ । ਇਸ ਮੌਕੇ ਤੇ ਮਨੁੱਖੀ ਹੱਕਾਂ ਤੇ ਮਨੁੱਖੀ ਸੇਵਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ ਹਿਊਮਨ ਰਾਈਟਸ ਪ੍ਰੋਟੈਕਸ਼ਨ ਕਮੇਟੀ ਦੇ ਪ੍ਰਧਾਨ ਹਰਮਨਪ੍ਰੀਤ ਸਿੰਘ ਅਨੇਜਾ ਨੇ ਕਿਹਾ ਕਿ ਜਥੇਦਾਰ ਤਰਨਜੀਤ ਸਿੰਘ ਸਿੰਘ ਨਿਮਾਣਾ ਵੱਲੋਂ ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਮਨੁੱਖੀ ਸੇਵਾਵਾਂ ਅਤੇ ਮਨੁੱਖੀ ਹੱਕਾਂ ਲਈ ਆਪਣੀਆਂ ਸੇਵਾਵਾਂ ਸਮੁੱਚੇ ਸਮਾਜ ਨੂੰ ਦੇ ਰਹੇ ਹਨ। ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ ਸੋਸਾਇਟੀ ਵੱਲੋਂ ਲਗਾਤਾਰ ਖੂਨਦਾਨ ਕੈਂਪ ਲਾ ਕੇ ਲੋੜਵੰਦ ਮਰੀਜ਼ਾਂ ਨੂੰ ਪੰਜਾਬ ਵਿੱਚ ਖੂਨ ਨਿਸ਼ਕਾਮ ਭਾਵਨਾ ਨਾਲ ਲੈ ਕੇ ਦਿੱਤਾ ਜਾ ਰਿਹਾ ਹੈ, ਅੱਖਾਂ ਦੇ ਕੈਂਪ, ਚਿੱਟੇ ਮੋਤੀਏ ਦੇ ਫਰੀ ਉਪਰੇਸ਼ਨ ਕਰਵਾਏ ਜਾ ਰਹੇ ਹਨ। ਮੈਡੀਕਲ ਕੈਂਪ ਲਗਾਏ ਜਾ ਰਹੇ ਹਨ। ਫਰੀ ਡਾਇਲਸਿਸ ਵੀ ਕਰਵਾਏ ਜਾ ਰਹੇ ਹਨ। ਜਥੇਦਾਰ ਨਿਮਾਣਾ ਤੇ ਸਾਥੀਆਂ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ



ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੂੰ ਮਨੁੱਖੀ ਸੇਵਾ ਐਵਾਰਡ ਨਾਲ ਸਨਮਾਨਿਤ ਕਰਦੇ ਹਰਮਨਪ੍ਰੀਤ ਸਿੰਘ ਅਨੇਜਾ ਆਰ ਪੀ ਸਿੰਘ, ਖੂਸ਼ਜੀਤ ਸਿੰਘ ਅਤੇ ਹੋਰ।

ਹੜ੍ਹ ਪੀੜਤਾਂ ਦੀ ਮਦਦ ਕੀਤੀ ਗਈ। ਕਰੋਨਾ ਸਮੇਂ ਦੌਰਾਨ ਨਿਭਾਈਆਂ ਗਈਆਂ ਸੇਵਾਵਾਂ ਤੇ ਹੋਰ ਬਹੁਤ ਸਾਰੀਆਂ ਮਨੁੱਖੀ ਸੇਵਾਵਾਂ ਇਹਨਾਂ ਦੀ ਟੀਮ ਵੱਲੋਂ ਕੀਤੀਆਂ ਜਾ ਰਹੀਆਂ ਹਨ। ਇਸ ਕਰਕੇ ਅੱਜ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਜੀ ਨੂੰ ਨਿਭਾਈਆਂ ਗਈਆਂ ਮਨੁੱਖੀ ਨਿਸ਼ਕਾਮ ਸੇਵਾਵਾਂ ਦੇ ਬਦਲੇ ਵਰਲਡ ਹਿਊਮਨ ਰਾਈਟਸ ਦਿਵਸ ਮੌਕੇ ਸਾਡੀ ਸਮੁੱਚੀ ਟੀਮ "ਮਨੁੱਖੀ ਸੇਵਾ ਐਵਾਰਡ" ਨਾਲ ਸਨਮਾਨਿਤ ਕਰਨ ਵਿੱਚ ਫ਼ਖ਼ਰ ਮਹਿਸੂਸ ਕਰਦੀ ਹੈ। ਜਥੇਦਾਰ ਤਰਨਜੀਤ ਸਿੰਘ ਨਿਮਾਣਾ ਤੇ ਸਾਥੀ ਸਮੁੱਚੇ ਸਮਾਜ ਦੇ ਲਈ ਪ੍ਰੇਰਣਾ ਸਰੋਤ ਹਨ। ਇਸ ਮੌਕੇ ਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਮਨੁੱਖੀ ਹੱਕਾਂ ਦੀ ਗੱਲ ਕਰਦਿਆਂ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਨੇ ਬਾਬਰ ਨੂੰ ਜਾਬਰ ਕਹਿ ਕੇ, ਫਿਰ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਆਪਣਾ ਸਰਬੰਸ ਵਾਰ ਕੇ, ਸ੍ਰਿਸ਼ਟੀ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜਬਰ ਜ਼ੁਲਮ ਦੇ ਖਿਲਾਫ਼ ਮਨੁੱਖੀ ਹੱਕਾਂ ਦੀ ਖਾਤਰ ਆਪਣਾ ਬਲੀਦਾਨ ਦਿੱਤਾ। ਚਾਰ ਸਾਹਿਬਜ਼ਾਦਿਆਂ ਨੇ ਮਨੁੱਖੀ ਹੱਕਾਂ ਦੀ ਖਾਤਰ ਜਬਰ ਜ਼ੁਲਮ ਦੇ ਖਿਲਾਫ ਆਪਣੀ ਸ਼ਹਾਦਤ ਦਿੱਤੀ ਤੇ ਲੱਖਾਂ ਹੀ ਸ਼ਹਾਦਤਾਂ ਹੁਣ ਤੱਕ ਸਿੱਖਾਂ ਨੇ ਜਬਰ ਜ਼ੁਲਮ ਦੇ ਖਿਲਾਫ਼ ਮਨੁੱਖੀ ਹੱਕਾਂ ਦੀ ਖਾਤਰ ਦਿੱਤੀਆਂ। ਜੂਨ 84 ਕਾਲੇ ਦੌਰ ਸਮੇਂ ਹਜ਼ਾਰਾਂ ਹੀ ਸਿੱਖਾਂ ਨੇ ਮਨੁੱਖੀ ਜਬਰ ਜ਼ੁਲਮ ਤੇ ਮਨੁੱਖੀ ਹੱਕਾਂ ਦੀ ਖਾਤਰ ਆਪਣੀਆਂ ਕੁਰਬਾਨੀਆਂ ਦਿੱਤੀਆਂ ਤੇ ਅੱਜ ਸਾਡੇ ਬਹੁਤ ਸਾਰੇ ਬੰਦੀ ਸਿੰਘ ਜੇਲ੍ਹਾਂ ਦੇ ਵਿੱਚ ਬੰਦ ਹਨ,ਜਿਹੜੇ ਸਜਾ ਪੂਰੀ ਕਰ ਚੁੱਕੇ ਹਨ। ਇਸ ਮੌਕੇ ਜਥੇਦਾਰ ਨਿਮਾਣਾ ਨੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਜਿਹੜੇ ਬੰਦੀ ਸਿੰਘ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਉਹਨਾਂ ਨੂੰ ਸਰਕਾਰ ਤੁਰੰਤ ਰਿਹਾਅ ਕਰੇ। ਇਸ ਮੌਕੇ ਤੇ ਆਰ ਪੀ ਸਿੰਘ, ਰਜਨੀਸ਼ ਬਖਸ਼ੀ, ਖੁਸ਼ਜੀਤ ਸਿੰਘ, ਨਰਿੰਦਰ ਸਿੰਘ ਜੱਸਲ, ਜਸਵਿੰਦਰ ਸਿੰਘ, ਜੁਝਾਰ ਸਿੰਘ, ਜਗਜੋਤ ਸਿੰਘ, ਦੀਪਕ ਕੁਮਾਰ ਹਾਜ਼ਰ ਸਨ।

# ਉਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਕਲੱਬ ਯੂ.ਕੇ. ਵੱਲੋਂ ਸਾਲਾਨਾ ਸਮਾਗਮ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)**–ਉਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁਟਬਾਲ ਕਲੱਬ ਯੂ.ਕੇ. ਵੱਲੋਂ ਸਾਲਾਨਾ ਸਮਾਗਮ ਡਾਕਟਰ ਜਰਨੈਲ ਸਿੰਘ ਰਾਏ ਦੀ ਪ੍ਰਧਾਨਗੀ ਹੇਠ ਯੂ.ਕੇ. ਦੇ ਸ਼ਹਿਰ ਨੰਨਈਟਨ ਵਿਖੇ ਕਰਵਾਇਆ ਗਿਆ । ਕਲੱਬ ਮੈਂਬਰ ਪ੍ਰੇਮ ਚੰਦ ਡੋਗਰ, ਗੁੱਰਜੀਤ ਸਿੰਘ ਗਿੱਲ, ਹਰਇੱਕਬਾਲ ਸਿੰਘ ਸੰਘਾ, ਅਜਮੇਰ ਸਿੰਘ ਲੋਚਨ, ਸੁਰਜੀਤ ਸਿੰਘ ਸੰਘਾ, ਚੰਦਰ ਪ੍ਰਕਾਸ਼ ਵਰਮਾ, ਧਨਵੰਤ ਸਿੰਘ ਬਾਹੜਾ, ਡਾਕਟਰ ਜਗਤ ਸਿੰਘ ਨਾਗਰਾ, ਗੁਰਨਾਮ ਸਿੰਘ ਲਾਲੀ ਦੀ ਹਾਜਰੀ ਵਿੱਚ ਰੇਡੀਓ ਪੰਜ ਕਵੈਂਟਰੀ ਦੇ ਸੰਸਥਾਪਕ ਛਿੰਦਾ ਸੁਰੀਲਾ ਨੇ ਆਏ ਹੋਏ ਮਹਿਮਾਨਾਂ ਦਾ ਬਹੁਤ ਹੀ ਸੁਚੱਜੇ



ਇਕੱਤਰਤਾ ਚ ਹਾਜ਼ਿਰ ਕਲੱਬ ਦੇ ਮੈਂਬਰ।
ਤਸਵੀਰ:– ਸੁਖਜਿੰਦਰ ਸਿੰਘ ਢੱਡੇ

ਵਿਚਾਰਾ ਅਤੇ ਸੰਗੀਤ ਨਾਲ ਮਨੋਰੰਜਨ ਕੀਤਾ । ਉਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਕਲੱਬ ਯੂ.ਕੇ. ਦੀ ਸਥਾਪਨਾ ਸਵਰਗੀ ਜਰਨੈਲ ਸਿੰਘ ਜੋ ਕਿ ਭਾਰਤ ਦੇ ਬਹੁਤ ਹੀ ਉੱਘੇ ਫੁੱਟਬਾਲ ਖਿਡਾਰੀ ਹੋਏ ਹਨ ਦੀ ਯਾਦ ਵਿੱਚ ਸੰਨ 2001 ਵਿੱਚ ਕੀਤੀ ਗਈ ਸੀ । ਹਰ ਸਾਲ ਫ਼ਰਵਰੀ ਮਹੀਨੇ ਵਿੱਚ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਸਵਰਗੀ ਜਰਨੈਲ ਸਿੰਘ ਜੀ ਯਾਦ ਵਿੱਚ ਆਯੋਜਿਤ ਕਰਵਾਏ ਜਾਂਦੇ ਫੁਟੱਬਾਲ ਟੂਰਨਾਮੈਂਟ ਵਿੱਚ ਕਲੱਬ ਮੈਂਬਰ ਵੱਧ ਚੜ੍ਹ ਕੇ ਹਿੱਸਾ ਪਾਉਂਦੇ ਹਨ ਅਤੇ ਹਾਜ਼ਰੀ ਭਰਦੇ ਹਨ । ਅੰਤ ਵਿੱਚ ਡਾਕਟਰ ਜਰਨੈਲ ਸਿੰਘ ਰਾਏ ਨੇ ਆਏ ਸਾਰੇ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਇੱਕ ਯਾਦਗਾਰੀ ਗਰੁੱਪ ਤਸਵੀਰ ਲਈ ਗਈ ।

# ਉਰਦੂ ਭਾਸ਼ਾ ਦੀ ਸਿਖਲਾਈ ਪਹਿਲੀ ਜਨਵਰੀ ਤੋਂ : ਜ਼ਿਲ੍ਹਾ ਭਾਸ਼ਾ ਅਫ਼ਸਰ

**ਬਠਿੰਡਾ (ਅਮਰਜੀਤ ਸਿੰਘ ਜੀਤ)** ਭਾਸ਼ਾ ਵਿਭਾਗ, ਪੰਜਾਬ ਵਲੋਂ ਹਰ ਜ਼ਿਲ੍ਹਾ ਸਦਰ ਮੁਕਾਮ 'ਤੇ ਉਰਦੂ ਭਾਸ਼ਾ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਹ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਨੇ ਦੱਸਿਆ ਕਿ ਇਹ ਕੋਰਸ ਛੇ ਮਹੀਨੇ ਦਾ ਹੁੰਦਾ ਹੈ। ਸੈਸ਼ਨ ਜਨਵਰੀ 2026 ਤੋਂ ਜੂਨ 2026 ਤੱਕ ਦੀ ਫੀਸ 500 ਰੁਪਏ ਹੈ। ਇਹ ਸਿਖਲਾਈ ਮਿਤੀ 01.01.2026 ਤੋਂ ਸ਼ੁਰੂ ਕੀਤੀ ਜਾ ਰਹੀ ਹੈ ਅਤੇ ਕਲਾਸ ਦਾ ਸਮਾਂ ਸ਼ਾਮ 05:00 ਤੋਂ 06:00 ਵਜੇ ਤੱਕ ਦਾ ਹੋਵੇਗਾ।



ਉਨ੍ਹਾਂ ਅੱਗੇ ਦੱਸਿਆ ਕਿ ਉਰਦੂ ਭਾਸ਼ਾ ਸਿੱਖਣ ਨਾ਼ਲ ਸਿਖਿਆਰਥੀ ਦਾ ਪੰਜਾਬੀ ਭਾਸ਼ਾ ਦਾ ਸ਼ਬਦ ਭੰਡਾਰ ਵੀ ਅਮੀਰ ਹੁੰਦਾ ਹੈ ਅਤੇ ਤਲੱਫ਼ਸ ਵੀ ਸ਼ੁੱਧ ਹੁੰਦਾ ਹੈ। ਬਠਿੰਡਾ ਜ਼ਿਲ੍ਹੇ ਨਾਲ ਸਬੰਧਤ ਜਿਹੜੇ ਵਿਅਕਤੀ ਉਰਦੂ ਸਿੱਖਣ ਦੇ ਚਾਹਵਾਨ ਹੋਣ, ਉਹ ਮਿਤੀ 31/12/2025 ਤੱਕ ਜ਼ਿਲ੍ਹਾ ਭਾਸ਼ਾ ਦਫ਼ਤਰ, ਕਮਰਾ ਨੰ. 226-ਈ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਪਹਿਲੀ ਮੰਜ਼ਿਲ, ਬਠਿੰਡਾ ਵਿਖੇ ਆਪਣਾ ਨਾਮ ਦਰਜ ਕਰਵਾ ਕੇ ਦਾਖ਼ਲਾ ਲੈ ਸਕਦੇ ਹਨ।

# ਮਹਿਲਾ ਸਵਾਰੀ ਸਰਕਾਰੀ ਬੱਸ ਵਿੱਚ ਬਲਾਚੌਰ ਤੋਂ ਚੜ੍ਹ ਕੇ ਕਾਠਗੜ੍ਹ ਅੱਡੇ ਵਿੱਚ ਉਤਰਨਾ ਸੀ ਪ੍ਰੰਤੂ ਬੱਸ ਦੇ ਡਰਾਈਵਰ ਅਤੇ ਕੰਡਕਟਰ ਨੇ ਬਸ ਭਜਾ ਕੇ ਰੋਪੜ੍ਹ ਜਾ ਕੇ ਉਤਾਰਿਆ

**ਨਵਾਂਸ਼ਹਿਰ /ਕਾਠਗੜ੍ਹ – (ਜਤਿੰਦਰਪਾਲ ਸਿੰਘ ਕਲੇਰ**

ਸਰਕਾਰੀ ਬੱਸ ਵਾਲੇ ਡਰਾਈਵਰਾਂ ਅਤੇ ਕੰਡਕਟਰਾਂ ਦਾ ਉਸ ਵੇਲੇ ਦਿਮਾਗ ਖਰਾਬ ਹੋ ਜਾਂਦਾ ਹੈ ਜਦੋਂ ਮਹਿਲਾ ਸਵਾਰੀ ਨੂੰ ਕਿਸੇ ਵੀ ਅੱਡੇ ਉੱਤੇ ਵੇਖ ਲੈਂਦੇ ਹਨ, ਇੰਜ ਲੱਗਦਾ ਹੈ ਜਿਵੇਂ ਇਹ ਬਸ ਉਹਨਾਂ ਦੇ ਘਰਦਿਆਂ ਨੇ ਉਹਨਾਂ ਨੂੰ ਲੈ ਕੇ ਦਿੱਤੀ ਹੋਈ ਹੋਵੇ। ਆਪਣੀਆਂ ਮੰਗਾਂ ਨੂੰ ਲੈ ਕੇ ਕਈ ਕਈ ਦਿਨ ਹੜਤਾਲ ਕਰਕੇ ਸਰਕਾਰ ਨੂੰ ਵੱਡਾ ਘਾਟਾ ਪਾਉਂਦੇ ਹਨ । ਪਰ ਜਦੋਂ ਇਹਨਾਂ ਨੇ ਆਪਣੀਆਂ ਮੰਗਾਂ ਮੰਗਵਾਣੀਆਂ ਹੋਣ ਤਾਂ ਜਾ ਕੇ ਸੀਐਮ ਆਫਿਸ ਜਾ ਦਫਤਰਾਂ ਦੇ ਅੱਗੇ ਜਾ ਕੇ ਧਰਨੇ ਲਗਾਉਂਦੇ ਹਨ ਪਰ ਸਰਕਾਰੀ ਬੱਸਾਂ ਦੇ ਡਰਾਈਵਰ ਅਤੇ ਕੰਡਕਟਰ ਸਵਾਰੀਆਂ ਨੂੰ ਤੰਗ ਪਰੇਸ਼ਾਨ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਦੇ ਹਨ ਅਤੇ ਸਰਕਾਰ ਵਲੋਂ ਫ੍ਰੀ ਸਫਰ ਔਰਤਾਂ ਲਈ ਕੀਤਾ ਗਿਆ ਪਰ ਇਹਨਾਂ ਨੂੰ ਇਸ ਗੱਲ ਦੀ ਕਿ ਤਕਲੀਫ਼ ਹੈ ।ਪਰ ਸਰਕਾਰੀ ਬੱਸਾਂ ਦੇ ਡਰਾਈਵਰਾਂ ਵਲੋਂ ਲੇਡੀਜ਼ ਸਵਾਰੀ ਦੇਖ ਬਹੁਤ ਤਕਲੀਫ ਹੁੰਦੀ ਹੈ ਇਸ ਬਾਰੇ ਅਜੇ ਤੱਕ ਕੋਈ ਵੀ ਸਮਝ ਨਹੀ ਆਈ ਕਈ ਵਾਰ ਤਾਂ ਇੰਜ ਜਾਪਦਾ ਹੈ ਜਿਵੇਂ ਉਹ ਬੱਸ ਦਾ ਡਰਾਈਵਰ ਜਾਂ ਕੰਡਕਟਰ ਨਹੀਂ ਹੈ ਸਗੋਂ ਕੋਈ ਮਨਿਸਟਰ ਲੱਗਿਆ





ਹੋਇਆ ਹੋਵੇ। ਜਦੋਂ ਕਿ ਤਨਖਾਹ ਸਰਕਾਰ ਤੋਂ ਲੈ ਕੇ ਕੰਮ ਕਰਨਾ ਉਸਦੀ ਜਿੰਮੇਦਾਰੀ ਬਣਦੀ ਹੈ, ਜਿਸ ਨੂੰ ਉਹ ਨਹੀਂ ਨਿਭਾਉਂਦਾ ਹੈ। ਇਹਨਾਂ ਬੱਸ ਵਾਲਿਆਂ ਨੂੰ ਰਸਤੇ ਵਿੱਚ ਕਿਸੇ ਵੀ ਨਿਜੀ ਹੋਟਲ ਤੇ ਰੁਕਣ ਦੀ ਇਜਾਜ਼ਤ ਨਹੀਂ ਹੈ ਸਗੋਂ ਇਹ ਚੰਦ ਪੈਸਿਆਂ ਦੀ ਖਾਤਰ ਲੋਕਾਂ ਦੀ ਖੱਜਲ ਖਰਾਬੀ ਵੀ ਕਰਦੇ ਹਨ ਅਤੇ ਮੁਫਤ ਦੀਆਂ ਰੋਟੀਆਂ ਖਾਣ ਲੱਗ ਪੈਂਦੇ ਹਨ ਅਤੇ ਹੋਟਲ ਵਾਲੇ ਤੋਂ ਮੋਟੀ ਰਕਮ ਅਤੇ ਨਾਲ ਰੋਟੀ ਤੱਕ ਵੀ ਲੈ ਜਾਂਦੇ ਹਨ। ਇੰਝ ਹੀ ਅੱਜ ਇੱਕ ਘਟਨਾ ਸਾਹਮਣੇ ਆਈ ਹੈ ਕਿ ਪਨਬਸ ਬਟਾਲਾ ਡੀਪੂ ਦੀ ਬੱਸ ਜੋ ਕਿ ਬਲਾਚੌਰ ਹੁੰਦੇ ਹੋਏ ਚੰਡੀਗੜ੍ਹ ਜਾਣਾ ਸੀ, ਜਿਸ ਵਿੱਚ ਬਲਾਚੌਰ ਦੇ ਕੰਗਣਾ ਪੁੱਲ ਤੋਂ ਬੱਸ ਦੇ ਕੰਡਕਟਰ ਨੇ ਪਿੰਡ ਕਾਠਗੜ੍ਹ ਮੋੜ ਦੀ ਸਵਾਰੀਆਂ ਚੜ੍ਹਾ ਲਈਆਂ ਅਤੇ ਉਨਾਂ ਨੂੰ 15 ਰੁਪਏ ਦੀ ਟਿਕਟ ਵੀ ਦੇ ਦਿੱਤੀ, ਉਸ ਮਹਿਲਾ ਸਵਾਰੀ ਦੇ ਨਾਲ 2 ਛੋਟੇ ਛੋਟੇ ਬੱਚੇ ਵੀ ਸੀ ਜਿਨਾਂ ਨੂੰ ਕਾਠਗੜ੍ਹ ਮੋੜ ਤੇ ਉਤਾਰਨ ਦੀ ਵਜਾਏ ਟੋਲ ਪਲਾਜ਼ਾ ਬੱਛੂਆਂ ਤੇ ਵੀ ਨਹੀਂ ਉਤਾਰਿਆ ਗਿਆ। ਜਦੋਂ ਕਿ ਉਸ ਦੇ ਘਰ ਦੇ ਪਰੇਸ਼ਾਨ ਹੋ ਗਏ ਕਿ ਬੱਸ ਨੇ ਕਾਠਗੜ੍ਹ ਮੋੜ ਤੇ ਰੁਕਣਾ ਸੀ। ਜਦੋਂ ਉਸ ਦਾ ਪਿੱਛਾ ਕੀਤਾ ਗਿਆ ਤਾਂ ਉਹ ਟੋਲ ਪਲਾਜ਼ਾ ਬੱਛੂਆਂ ਤੇ ਰੋਕਣ ਦੀ ਵਜਾਏ ਸਿੱਧੇ ਰੋਪੜ੍ਹ ਜਾ ਕੇ ਰੁਕੀ ਅਤੇ ਮਹਿਲਾਂ ਦੇ ਪਰਿਵਾਰਿਕ ਮੈਂਬਰ ਰੋਪੜ੍ਹ ਤੋਂ ਮਹਿਲਾ ਅਤੇ ਬੱਚਿਆਂ ਨੂੰ ਲੈ ਕੇ ਵਾਪਸ ਆਏ। ਉਸ ਜਗ੍ਹਾ ਜਦੋਂ ਕੰਡਕਟਰ ਅਤੇ ਡਰਾਈਵਰ ਨੂੰ ਪੁੱਛਿਆ ਗਿਆ ਤਾਂ ਉਸ ਨੇ ਅੱਗੇ ਤੋਂ ਕਿਹਾ ਕਿ ਮੈਂ ਤਾਂ ਇੰਜ ਹੀ ਕਰਨਾ ਹੈ ਅਤੇ ਕਰਦਾ ਰਹਾਂਗਾ। ਮਹਿਲਾਂ ਸਵਾਰੀ ਦੇ ਪਰਿਵਾਰਕ ਮੈਂਬਰਾਂ ਨੇ ਅਤੇ ਮਹਿਲਾਂ ਨੇ ਸਰਕਾਰ ਤੋਂ ਬੇਨਤੀ ਕੀਤੀ ਹੈ ਕਿ ਇਸ ਤਰ੍ਹਾਂ ਦੇ ਕੰਡਕਟਰਾਂ ਅਤੇ ਡਰਾਈਵਰਾਂ ਨੂੰ ਤੁਰੰਤ ਬਰਖਾਸਤ ਕੀਤਾ ਜਾਵੇ ਅਤੇ ਇਹ ਵੀ ਚੈੱਕ ਕੀਤਾ ਜਾਵੇ ਕਿ ਕਿਤੇ ਇਹਨਾਂ ਨੇ ਕੋਈ ਨਸ਼ਾ ਤਾਂ ਨਹੀਂ ਕੀਤਾ ਹੋਇਆ ਸੀ ਜੋ ਕਿ ਆਪਣੀ ਮਨ ਮਰਜ਼ੀ ਕਰਦੇ ਹਨ।

# ਯੂ.ਕੇ. ਦੇ ਸ਼ਹਿਰ ਗਲਾਸਗੋ ਦੀ ਜਾਣੀ ਪਹਿਚਾਣੀ ਸ਼ਖ਼ਸੀਅਤ ਹਰਜੀਤ ਸਿੰਘ ਦੁਸਾਂਝ ਦੇ ਪਿਤਾ ਕੁਲਦੀਪ ਸਿੰਘ ਦੁਸਾਂਝ ਦੇ ਬੀਤੇ ਦਿਨ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ

**ਯੂ ਕੇ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਉਨ੍ਹਾਂ ਨੂੰ ਜਲੰਧਰ ਦੇ ਇਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ, ਪਰ ਉਹ ਸਵਾਸਾਂ ਦੀ ਲੜਾਈ ਹਾਰ ਗਏ । ਉਹ 71 ਵਰ੍ਹਿਆਂ ਦੇ ਸਨ। ਹਾਲ ਹੀ ਵਿੱਚ ਉਹ ਆਪਣੇ ਯੂਕੇ ਫੇਰੀ ਦੌਰਾਨ ਪੁੱਤਰਾਂ ਹਰਜੀਤ ਸਿੰਘ ਦੁਸਾਂਝ, ਜਤਿੰਦਰ ਸਿੰਘ ਦੁਸਾਂਝ ਅਤੇ ਪੋਤੇ ਪੋਤੀਆਂ ਪਰਿਵਾਰ ਨਾਲ



ਸਮਾਂ ਗੁਜ਼ਾਰ ਕੇ ਵਾਪਸ ਪੰਜਾਬ ਪਰਤੇ ਸਨ। ਉਹ ਬੜੇ ਮਿਲਾਪੜੇ, ਹੱਸਮੁੱਖ ਅਤੇ ਨਿੱਘੇ ਸੁਭਾਅ ਦੇ ਮਾਲਕ ਸਨ । ਉਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਪੁਆਦੜਾ(ਜ਼ਿਲ੍ਹਾ ਜਲੰਧਰ) ਵਿਖੇ 13 ਦਸੰਬਰ ਨੂੰ ਕੀਤਾ ਜਾਵੇਗਾ । ਅਦਾਰਾ ਅਜੀਤ ਦੇ ਮੁੱਖ ਸੰਪਾਦਕ ਡਾਕਟਰ ਬਰਜਿੰਦਰ ਸਿੰਘ ਹਮਦਰਦ, ਪੰਜਾਬੀ ਸਾਹਿਤ ਸਭਾ ਗਲਾਸਗੋ ਅਤੇ ਪੰਜਾਬੀ ਸਾਹਿਤ ਕਲਾ ਕੇਂਦਰ ਯੂਕੇ ਵੱਲੋਂ ਉਨ੍ਹਾਂ ਦੇ ਸਦੀਵੀ ਵਿਛੋੜੇ 'ਤੇ ਗਹਿਰਾ ਸ਼ੋਕ ਪ੍ਰਗਟ ਕੀਤਾ ਗਿਆ ।

# ਜਿਲ੍ਹਾਂ ਪਰਿਸ਼ਦ ਗੜ੍ਹੀ ਜੋਨ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਪਰਮਜੀਤ ਕੌਰ ਪਤਨੀ ਸਰਪੰਚ ਮੋਹਨ ਲਾਲ ਸੰਧੂ ਮੁੱਤੋਂ ਦੀ ਚੋਣ ਮੁਹਿੰਮ ਨੂੰ ਮਿਲ ਰਿਹਾ ਭਰਵਾਂ ਹੁੰਗਾਰਾਂ

**ਕਾਠਗੜ੍ਹ ( ਜਤਿੰਦਰ ਪਾਲ ਸਿੰਘ ਕਲੇਰ )**–ਜਿਲ੍ਹਾਂ ਪਰਿਸ਼ਦ ਤੇ ਬਲਾਕ ਸੰਮਤੀ ਚੋਣਾਂ ਨੂੰ ਲੈ ਕੇ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਦੇ ਲਈ ਪਾਰਟੀ ਦੇ ਆਗੂਆਂ ਵਲੋਂ ਨਾਮਦਗੀਆ ਵਾਲੇ ਦਿਨ ਤੋਂ ਹੀ ਉਨ੍ਹਾਂ ਦੇ ਲਈ ਪ੍ਰਚਾਰ ਦਿਨ ਰਾਤ ਕਰਨਾ ਸ਼ੁਰੂ ਕਰ ਦਿੱਤਾ ਗਿਆ । ਇਸੇ ਲੜੀ ਤਹਿਤ ਜਿਲ੍ਹਾਂ ਪਰਿਸ਼ਦ ਜੋਨ ਗੜ੍ਹੀ ਕਾਨੂੰਗੋਆਂ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ



ਪਰਮਜੀਤ ਕੌਰ ਸੰਧੂ ਪਤਨੀ ਸੀਨੀਅਰ ਕਾਂਗਰਸੀ ਆਗੂ ਮੋਹਨ ਲਾਲ ਸੰਧੂ ਮੁੱਤੋਂ ਦੀ ਚੋਣ ਮੁਹਿੰਮ ਨੂੰ ਲਗਾਤਾਰ ਪਿੰਡਾਂ ਵਿਚ ਭਰਵਾਂ ਹੁੰਗਾਰਾਂ ਮਿਲ ਰਿਹਾ । ਜਿਲ੍ਹਾਂ ਪ੍ਰਧਾਨ ਅਜੇ ਮੰਗੂਪੁਰ ਵਲੋਂ ਆਪਣੇ ਉਮੀਦਵਾਰ ਲਈ ਲੋਕਾਂ ਨੂੰ ਵੋਟਾਂ ਪਾਉਣ ਦੀ ਲਗਾਤਾਰ ਲਾਮਬੰਦ ਕੀਤਾ ਜਾ ਰਿਹਾ ਹੈ । ਅਜੇ ਮੰਗੂਪੁਰ ਨੇ ਦੱਸਿਆ ਕਿ ਪਰਮਜੀਤ ਕੌਰ ਸੰਧੂ ਦੀ ਚੋਣ ਮੁਹਿੰਮ ਮੀਟਿੰਗ ਦੀ ਥਾਂ ਰੈਲੀ ਦਾ ਰੂਪ ਧਾਰਨ ਕਰ ਰਹੀ ਹੈ । ਆਸ ਹੈ ਕਿ ਇਸ ਵਾਰ ਭਾਰੀ ਬਹੁਮਤ ਨਾਲ ਪਰਮਜੀਤ ਕੌਰ ਸੰਧੂ ਜਿੱਤ ਦਰਜ ਕਰਕੇ ਕਾਂਗਰਸ ਪਾਰਟੀ ਦੀ ਝੋਲੀ ਵਿੱਚ ਪਾਉਣਗੇ।

## ਆਮ ਆਦਮੀ ਪਾਰਟੀ ਦੇ ਬਲਾਕ ਸੰਮਤੀ ਜੋਨ ਕਾਠਗੜ੍ਹ ਤੋਂ ਉਮੀਦਵਾਰ ਰਕੇਸ਼ ਕੁਮਾਰ (ਹੈਪੀ ਭਾਟੀਆ ) ਨੂੰ ਮਿਲ ਰਿਹਾ ਭਰਵਾਂ ਹੁੰਗਾਰਾ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਬਲਾਕ ਸੰਮਤੀ ਜੋਨ ਕਾਠਗੜ੍ਹ ਤੋਂ ਉਮੀਦਵਾਰ ਰਕੇਸ਼ ਕੁਮਾਰ (ਹੈਪੀ ਭਾਟੀਆ ) ਗੋਲੂਮਾਜਰਾ ਵਾਲੇ ਜੋ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਨ ਜੋ ਕਿ ਵਿਚ ਚੋਣ ਲੜ ਰਹੇ ਹਨ । ਪਿੰਡਾਂ ਚ ਮੀਟਿੰਗਾਂ ਵਿਚ ਵੱਡੀ ਗਿਣਤੀ ਚ ਲੋਕ ਹਾਜਰ ਹੋਕੇ ਉਮੀਦਵਾਰ ਦੇ ਹੱਕ ਚ ਉਤਸ਼ਾਹ ਦਿਖਾ ਰਹੇ ਹਨ। ਇਸ ਮੌਕੇ ਹਾਜਰ ਲੋਕਾਂ ਨੇ



ਕਿਹਾ ਕਿ ਪੰਜਾਬ ਸਰਕਾਰ ਵਲੋਂ ਜੋ ਆਮ ਲੋਕਾਂ ਨੂੰ ਸਹੂਲਤਾਂ ਦੇ ਰਹੇ ਹਨ। ਜਿਨ੍ਹਾਂ ਚ ਮੁਫਤ ਬਿਜਲੀ ਦੀ ਸਹੂਲਤ, ਔਰਤ ਨੂੰ ਫਰੀ ਬੱਸ ਸਫਰ,ਬੁਢਾਪਾ ਪੈਨਸ਼ਨ ਅਤੇ ਸ਼ਗਨ ਸਕੀਮ, ਕਿਸਾਨਾਂ ਨੂੰ ਮੁਫਤ ਨਹਿਰੀ ਪਾਣੀ ਜਿਨ੍ਹਾਂ ਦਾ ਲਾਭ ਹਰ ਇਕ ਵਿਅਕਤੀ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਕੇਸ਼ ਕੁਮਾਰ (ਹੈਪੀ ਭਾਟੀਆ ) ਗੋਲੂਮਾਜਰਾ ਦੇ ਹੱਕ ਚ ਵੋਟਾਂ ਪਾਕੇ ਵੱਡੀ ਲੀਡ ਨਾਲ ਜਿੱਤ ਦਰਜ ਜਿਤਾਉਣਗੇ।

## ਲੋਕ ਆਪ ਨੂੰ ਨਕਾਰ ਕੇ ਕਾਂਗਰਸ ਲਿਆਉਣਗੇ- ਅਜੇ ਮੰਗੂਪੁਰ

### ਭਾਰੀ ਲੀਡ ਨਾਲ ਨਾਨਕ ਸਿੰਘ ਜਿੱਤ ਹਾਸਿਲ ਕਰੇਗਾ

**ਬਲਾਚੌਰ (ਜਤਿੰਦਰਪਾਲ ਸਿੰਘ ਕਲੇਰ )-** ਜਿਲ੍ਹਾਂ ਪਰਿਸ਼ਦ ਜੋ ਬਲਾਕ ਸੰਮਤੀ ਦੀਆ ਹੋ ਰਹੀਆ ਚੋਣਾਂ ਵਿੱਚ ਅਲੱਗ ਅਲੱਗ ਪਾਰਟੀਆਂ ਵਲੋਂ ਦਿਨ ਰਾਤ ਮੀਟਿੰਗਾ ਕਰਕੇ ਵੋਟਰਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ । ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਤੇ ਕਾਂਗਰਸ ਪਾਰਟੀ ਸੀਨੀਅਰ ਆਗੂ ਅਤੇ ਜਿਲ੍ਹਾਂ ਪ੍ਰਧਾਨ ਅਜੇ ਮੰਗੂਪੁਰ ਨੇ ਕਿਹਾ ਕਿ ਜੋਨ ਸੁਧਾ ਮਾਜਰਾ ਤੋਂ ਕਾਂਗਰਸ ਪਾਰਟੀ ਦੇ ਪੜ੍ਹੇ ਲਿਖੇ ਤੇ ਸੂਝਵਾਨ ਨੌਜਵਾਨ ਨਾਨਕ ਸਿੰਘ ਜੰਡੀ ਦੀ ਚੋਣ ਮੁਹਿੰਮ ਪਹਿਲਾ ਦਿਨ ਤੋਂ ਹੀ ਜੋਰਾ ਸ਼ੋਰਾ ਨਾਲ ਚੱਲ ਰਹੀ ਹੈ ।ਨੌਜਵਾਨ ਉਮੀਦਵਾਰ ਨਾਨਕ ਸਿੰਘ ਜੰਡੀ ਦੀ ਚੋਣ ਮੁਹਿੰਮ ਨੂੰ ਇਲਾਕੇ ਦੇ ਪਿੰਡਾਂ ਵਿੱਚੋਂ ਭਰਵਾ



ਹੁੰਗਾਰਾ ਮਿਲ ਰਿਹਾ ਹੈ । ਲੋਕ ਆਪ ਨੂੰ ਨਕਾਰ ਕੇ ਕਾਂਗਰਸ ਨੂੰ ਲਿਆਉਣ ਲਈ ਉਤਾਵਲੇ ਹੋਏ ਹਨ । ਜਿਲ੍ਹਾਂ ਪ੍ਰਧਾਨ ਅਜੇ ਮੰਗੂਪੁਰ ਨੇ ਕਿਹਾ ਕਿ ਲੋਕ ਆਪ ਸਰਕਾਰ ਦੀਆ ਨੀਤੀਆ ਤੋਂ ਬਹੁਤ ਪਰੇਸ਼ਾਨ ਹਨ । ਦੇਸ਼ ਵਿੱਚ ਕਾਨੂੰਨ ਵਿਵਸਥਾ ਨਾਮ ਦੀ ਕੋਈ ਚੀਜ਼ ਨਹੀ ਹੈ । ਆਏ ਦਿਨ ਲੁੱਟ ਖਸੁੱਟ, ਗੈਂਗਵਾਰ , ਕਤਲ ਆਦਿ ਦੀ ਵਾਰਦਾਤਾਂ ਆਮ ਹੋ ਰਹੀਆਂ ਹਨ । ਲੋਕ ਇਸ ਸਰਕਾਰ ਤੋਂ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ । ਇਸ ਲਈ ਹੁਣ ਜਨਤਾ ਇਸ ਸਰਕਾਰ ਨੂੰ ਚਲਦਾ ਕਰਕੇ ਕਾਂਗਰਸ ਪਾਰਟੀ ਨੂੰ ਫਿਰ ਤੋ ਸਤਾ ਵਿੱਚ ਲਿਆਉਣ ਦਾ ਮਨ ਬਣਾਈ ਬੈਠੀ ਹੈ । ਆਸ ਹੈ ਕਿ ਇਸ ਵਾਰ ਜੋਨ ਸੁਧਾ ਮਾਜਰਾ ਤੋ ਕਾਂਗਰਸ ਪਾਰਟੀ ਦੇ ਪੜੇ ਲਿਖੇ ਨੌਜਵਾਨ ਨਾਨਕ ਸਿੰਘ ਜੰਡੀ ਨੂੰ ਭਾਰੀ ਲੀਡ ਨਾਲ ਜਿੱਤਾ ਕੇ ਕਾਂਗਰਸ ਦੇ ਝੋਲੀ ਵਿੱਚ ਜਿੱਤ ਪਾਉਣਗੇ । ਪਿੰਡਾਂ ਵਿਚ ਚੋਣ ਮੁਹਿੰਮ ਨੂੰ ਲੈ ਕੇ ਮੀਟਿੰਗਾਂ ਦਾ ਦੌਰ ਲਗਾਤਾਰ ਗਰਮ ਜੋਸ਼ੀ ਨਾਲ ਲਗਾਤਾਰ ਜਾਰੀ ਹੈ ।

## ਜ਼ਿਲ੍ਹਾ ਪ੍ਰੀਸ਼ਦ ਬਸਪਾ ਦੇ ਉਮੀਦਵਾਰ ਪਰਮਜੀਤ ਦੁਸਾਂਝ ਨੂੰ ਆਰਥਿਕ ਮੱਦਦ ਕੀਤੀ ਜਸਪਾਲ ਲਧਾਣਾ

**ਬੰਗਾ ( ਚਰਨਜੀਤ ਸੱਲ੍ਹਾਂ )** ਜ਼ਿਲ੍ਹਾ ਪ੍ਰੀਸ਼ਦ ਬਸਪਾ ਦੇ ਉਮੀਦਵਾਰ ਪਰਮਜੀਤ ਸਿੰਘ ਦੁਸਾਂਝ ਨੂੰ ਆਰਥਿਕ ਮੱਦਦ ਕੀਤੀ ਇਹ ਮੱਦਦ ਜਸਪਾਲ ਲਧਾਣਾ ਅਤੇ ਨਰਿੰਦਰ ਰੱਲ ਯੂ ਐਸ ਏ ਪਾਰਟੀ ਫੰਡ ਦਿੱਤਾ। ਇਸ ਮੌਕੇ ਰਵਿੰਦਰ ਮਹਿਮੀ ਬਸਪਾ ਨੇਤਾ, ਮਨਜੀਤ ਸਿੰਘ ਸਾਬਕਾ ਪ੍ਰਧਾਨ ਬਸਪਾ ਬੰਗਾ ਅਤੇ ਬਸਪਾ ਦੇ ਲੇਡੀਜ਼ ਵਰਕਰ ਵੀ ਪਰਮਜੀਤ ਸਿੰਘ ਦੁਸਾਂਝ ਦੀ ਕੈਂਪੇਨ ਵਿੱਚ ਹਾਜ਼ਰ ਸਨ। ਜ਼ਿਲ੍ਹਾ ਪ੍ਰੀਸ਼ਦ ਖਟਕੜ ਕਲਾਂ ਤੋਂ ਉਮੀਦਵਾਰ ਹਨ।




# ਪੱਤਰਕਾਰ ਸ਼ਸ਼ਿਕਾਂਤ ਚੌਹਾਨ ਦੇ ਪਰਿਵਾਰ ਲਈ ਆਰਥਿਕ ਸਹਾਇਤਾ ਦੀ ਮੰਗ ਤੇਜ਼

### ਮੀਡੀਆ ਕਾਉਂਸਲ ਆਫ ਜਰਨਲਿਸਟਸ ਦੀ ਮੁੱਖ ਮੰਤਰੀ ਹਰਿਆਣਾ ਨੂੰ ਅਪੀਲ — ਪੱਤਰਕਾਰ ਜਗਤ ਵਿਚ ਸ਼ੋਕ ਤੇ ਰੋਸ



**ਰੋਹਤਕ, ਦਸੰਬਰ ਗੁਰਭਿੰਦਰ ਗੁਰੀ** ਹਰਿਆਣਾ ਦੇ ਮਸ਼ਹੂਰ ਅਤੇ ਸਭ ਤੋਂ ਵੱਧ ਸਤਿਕਾਰ ਜੋਗ ਪੱਤਰਕਾਰਾਂ ਵਿੱਚੋਂ ਇੱਕ, ਸਵ. ਸ਼ਸ਼ਿਕਾਂਤ ਚੌਹਾਨ (45) ਦੇ ਅਚਾਨਕ ਨਿਧਨ ਨਾਲ ਪੱਤਰਕ-ਾਰਿਤਾ ਜਗਤ ਵਿੱਚ ਗਹਿਰਾ ਦੁੱਖ, ਮਾਯੂਸੀ ਅਤੇ ਵਿਆਪਕ ਸੋਗ ਦੀ ਲਹਿਰ ਦੌੜ ਗਈ ਹੈ। ਸਵ. ਚੌਹਾਨ ਪਿਛਲੇ 21 ਲੰਬੇ ਸਾਲਾਂ ਤੱਕ ਹਰਿਭੂਮਿ ਦੈਨਿਕ ਅਖ਼ਬਾਰ ਵਿੱਚ ਸਬ-ਐਡੀਟਰ ਵਜੋਂ ਸੇਵਾ ਨਿਭਾਉਂਦੇ ਰਹੇ। ਉਨ੍ਹਾਂ ਦੀ ਕਲਮ ਸਦਾ ਬੇਬਾਕ ਰਹੀ, ਇਮਾਨਦਾਰੀ ਉਨ੍ਹਾਂ ਦੀ ਪਹਿਚਾਣ ਸੀ ਅਤੇ ਸੱਚ ਦੇ ਪੱਖ ਵਿੱਚ ਖੜ੍ਹੇ ਰਹਿਣਾ ਉਨ੍ਹਾਂ ਦਾ ਮੂਲ ਸਵਭਾਵ ਸੀ।

**ਇਲਾਜ ਦੌਰਾਨ ਪੀ.ਜੀ.ਆਈ. ਰੋਹਤਕ ਵਿਚ ਹੋਇਆ ਦੇਹਾਂਤ**

ਸਵ. ਚੌਹਾਨ ਪਿਛਲੇ ਕੁਝ ਦਿਨਾਂ ਤੋਂ ਅਸੁਸਥ ਸਨ ਅਤੇ ਇਲਾਜ ਹੇਠ ਪੀ.ਜੀ.ਆਈ. ਰੋਹਤਕ ਵਿਚ ਦਾਖ਼ਲ ਸਨ। ਸੋਮਵਾਰ ਸ਼ਾਮ ਉਨ੍ਹਾਂ ਨੇ ਆਖ਼ਰੀ ਸਾਹ ਲਿਆ। ਖ਼ਬਰ ਮਿਲਦੇ ਹੀ ਰਾਜ ਦੇ ਵੱਖ-ਵੱਖ ਮੀਡੀਆ ਹਾਊਸ, ਪੱਤਰਕਾਰ ਸੰਗਠਨ ਅਤੇ ਲਿਖਾਰੀ ਵਰਗ ਨੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ।

**ਪਰਿਵਾਰ ‘ਤੇ ਆਈ ਭਾਰੀ ਆਰਥਿਕ ਤ੍ਰਾਸਦੀ**

ਸਵ. ਚੌਹਾਨ ਆਪਣੇ ਪਰਿਵਾਰ ਦੇ ਇਕਲੌਤੇ ਕਮਾਉਣ ਵਾਲੇ ਮੈਂਬਰ ਸਨ। ਉਨ੍ਹਾਂ ਦੇ ਅਚਾਨਕ ਚਲੇ ਜਾਣ ਨਾਲ ਪਰਿਵਾਰ ਲਈ ਜੀਵਨ ਬਿਤਾਉਣਾ ਖਾਸਾ ਮੁਸ਼ਕਿਲ ਹੋ ਗਿਆ ਹੈ। ਉਨ੍ਹਾਂ ਦੇ ਪਿੱਛੇ ਪਤਨੀ ਅਤੇ ਦੋ ਨਾਬਾਲਗ ਧੀਆਂ ਹਨ, ਜੋ ਇਸ ਵੇਲੇ ਪੜ੍ਹ ਰਹੀਆਂ ਹਨ ਅਤੇ ਜਿਨ੍ਹਾਂ ਦਾ ਭਵਿੱਖ ਅਣਗਿਣਤ ਚੁਣੌਤੀਆਂ ਸਾਹਮਣੇ ਖੜ੍ਹਾ ਦਿਸਦਾ ਹੈ।ਪਰਿਵਾਰ ਇਸ ਸਮੇਂ ਆਰਥਿਕ, ਮਾਨਸਿਕ ਅਤੇ ਸਮਾਜਿਕ ਦਬਾਅ ਦੇ ਤਿੰਨ ਪੱਖੋਂ ਗੁਜ਼ਰ ਰਿਹਾ ਹੈ। ਘਰ ਦੀ ਆਮਦਨ ਪੂਰਨ ਤੌਰ ‘ਤੇ ਰੁਕ ਚੁੱਕੀ ਹੈ। ਬੱਚੀਆਂ ਦੀ ਸਿੱਖਿਆ ਸੰਬੰਧੀ ਚਿੰਤਾ ਪਰਿਵਾਰ ਦੇ ਸਾਹ-ਮਣੇ ਸਭ ਤੋਂ ਵੱਡਾ ਸਵਾਲ ਬਣੀ ਹੋਈ ਹੈ।

**ਰਾਸ਼ਟਰੀ ਅਧਿਆਕਸ਼ ਸੰਜੇ ਰਾਠੀ ਨੇ ਮੁੱਖ ਮੰਤਰੀ ਨੂੰ ਕੀਤੀ ਤੁਰੰਤ ਸਹਾਇਤਾ ਦੀ ਮੰਗ**

ਮੀਡੀਆ ਕਾਉਂਸਲ ਆਫ ਜਰਨਲਿਸਟਸ ਦੇ ਰਾਸ਼ਟਰੀ ਅਧਿਆਕਸ਼ ਸੰਜੇ ਰਾਠੀ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੂੰ ਚਿੱਠੀ ਲਿਖ ਕੇ ਦਿਵੰਗਤ ਪੱਤਰਕਾਰ ਦੇ ਪਰਿਵਾਰ ਲਈ ਤੁਰੰਤ ਰਾਹਤ ਪੈਕੇਜ ਜਾਰੀ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਮੰਗ ਕੀਤੀ ਹੈ ਕਿ—ਪਰਿਵਾਰ ਨੂੰ ਵਿਸ਼ੇਸ਼ ਆਰਥਿਕ ਸਹਾਇਤਾ ਦਿੱਤੀ ਜਾਵੇਪਤਨੀ ਨੂੰ ਸਰਕਾਰੀ ਨੌਕਰੀ ਪ੍ਰਦਾਨ ਕੀਤੀ ਜਾਵੇਦੋਵੇਂ ਧੀਆਂ ਦੀ ਸਰਕਾਰੀ ਸੁਰੱਖਿਆ ਹੇਠ ਪੂਰੀ ਸਿੱਖਿਆ ਦੀ ਗਾਰੰਟੀ ਦਿੱਤੀ ਜਾਵੇਪਰਿਵਾਰ ਲਈ ਮਹੀਨਾਵਾਰ ਪੈਂਸ਼ਨ ਜਾਂ ਜੀਵਨ ਭਰ ਭੱਤਾ ਨਿਰਧਾਰਤ ਕੀਤਾ ਜਾਵੇ ਸੰਜੇ ਰਾਠੀ ਨੇ ਕਿਹਾ ਕਿ ਸਵ. ਸ਼ਸ਼ਿਕਾਂਤ ਚੌਹਾਨ ਨੇ ਆਪਣੀ ਪੂਰੀ ਜ਼ਿੰਦਗੀ ਲੋਕਤੰਤਰ ਦੇ ਚੌਥੇ ਸਤੰਭ ਨੂੰ ਮਜ਼ਬੂਤ ਕਰਨ ਲਈ ਸਮਰਪਿਤ ਕੀਤੀ। ਉਹ ਉਹਨਾਂ ਪੱਤਰਕਾਰਾਂ ‘ਚੋਂ ਸਨ ਜੋ ਸੱਚ ਨੂੰ ਸੱਚ ਅਤੇ ਗਲਤ ਨੂੰ ਗਲਤ ਕਹਿਣਾ ਆਪਣਾ ਫਰਜ਼ ਸਮਝਦੇ ਸਨ। ਉਨ੍ਹਾਂ ਦੇ ਜਿਹੇ ਨਿਡਰ ਪੱਤਰਕਾਰ ਦਾ ਚਲਾ ਜਾਣਾ ਸਿਰਫ਼ ਪਰਿਵਾਰ ਲਈ ਨਹੀਂ, ਸਗੋਂ ਪੂਰੇ ਰਾਜ ਲਈ ਵੱਡੀ ਹਾਨੀ ਹੈ।

**ਪੱਤਰਕਾਰਾਂ ਵਿੱਚ ਗਹਿਰਾ ਰੋਸ — “ਸਰਕਾਰ ਸਿਰਫ਼ ਵਾਅਦੇ ਨਹੀਂ, ਕਦਮ ਚੁੱਕੇ”**

ਹਰਿਆਣਾ ਯੂਨੀਅਨ ਆਫ ਜਰਨਲਿਸਟਸ ਸਮੇਤ ਸਾਰੇ ਛੋਟੇ-ਵੱਡੇ ਪੱਤਰਕਾਰ ਸੰਗਠਨ ਇੱਕ ਸੁਰ ਵਿੱਚ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਇਸ ਮਾਮਲੇ ਵਿਚ ਤੁਰੰਤ ਕਾਰਵਾਈ ਕੀਤੀ ਜਾਵੇ। ਸੰਗਠਨਾਂ ਦਾ ਕਹਿਣਾ ਹੈ ਕਿ—ਰਾਜ ਦੇ ਪੱਤਰਕਾਰ ਬਿਨਾਂ ਸੁਰੱਖਿਆ ਕਾਰਜ ਕਰ ਰਹੇ ਹਨਮੌਤ ਮਗਰੋਂ ਵੀ ਪਰਿਵਾਰਾਂ ਨੂੰ ਭਟਕਣਾ ਪੈਂਦਾ ਹੈਸਰਕਾਰ ਨੂੰ ਪੱਤਰਕਾਰ ਕਲਿਆਣ ਫੰਡ ਨੂੰ ਤੁਰੰਤ ਐਕਟਿਵ ਕਰਨਾ ਚਾਹੀਦਾ ਹੈ ਪੱਤਰਕਾਰਾਂ ਨੇ ਇਹ ਵੀ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਜਲਦੀ ਕਦਮ ਨਾ ਚੁੱਕਿਆ ਤਾਂ ਰਾਜ-ਪੱਧਰੀ ਰੋਸ-ਪ੍ਰਦਰਸ਼ਨ ਕੀਤੇ ਜਾਣਗੇ।

**“ਐਸਾ ਕਦਮ ਪੂਰੇ ਰਾਜ ਦੇ ਪੱਤਰਕਾਰਾਂ ਦਾ ਮਨੋਬਲ ਵਧਾਏਗਾ”**

ਸੰਜੇ ਰਾਠੀ ਨੇ ਕਿਹਾ ਕਿ ਦਿਵੰਗਤ ਪੱਤਰਕਾਰਾਂ ਦੇ ਪਰਿਵਾਰ ਦੀ ਮਦਦ ਕਰਨਾ ਸਿਰਫ਼ ਇੱਕ ਮਨੁੱਖੀ ਕਦਮ ਨਹੀਂ, ਸਗੋਂ ਉਹ ਸੁਨੇਹਾ ਹੈ ਜੋ ਸਰਕਾਰ ਦੀ ਪੱਤਰਕਾਰਾਂ ਪ੍ਰਤੀ ਜ਼ਿੰਮੇਵਾਰੀ ਨੂੰ ਦਰਸਾਉਂਦਾ ਹੈ।“ਜੇਕਰ ਹਰਿਆਣਾ ਸਰਕਾਰ ਇਹ ਸਹਾਇਤਾ ਕਰਦੀ ਹੈ, ਤਾਂ ਇਹ ਪੂਰੇ ਰਾਜ ਦੇ ਹਜ਼ਾਰਾਂ ਪੱਤਰਕਾਰਾਂ ਵਿੱਚ ਭਰੋਸਾ ਮਜ਼ਬੂਤ ਕਰੇਗੀ,” ਉਨ੍ਹਾਂ ਕਿਹਾ।

**ਸਾਰੇ ਪੱਤਰਕਾਰ ਸੰਗਠਨਾਂ ਨੇ ਇਕਜੁੱਟ ਹੋ ਕੇ ਤੁਰੰਤ ਰਾਹਤ ਦੀ ਮੰਗ ਕੀਤੀ**

ਮੀਡੀਆ ਕਾਂਉਸਲ ਆਫ ਜਰਨਲਿਸਟਸ, ਹਰਿਆਣਾ ਯੂਨੀਅਨ ਆਫ ਜਰਨਲਿਸਟਸ, ਡਿਜਿਟਲ ਮੀਡੀਆ ਐਸੋਸੀਏਸ਼ਨ, ਫੋਟੋ ਜਰਨਲਿਸਟ ਯੂਨੀਅਨ ਅਤੇ ਵੱਖ-ਵੱਖ ਜ਼ਿਲ੍ਹਾ ਪੱਤਰਕਾਰ ਐਸੋਸੀਏਸ਼ਨਾਂ ਨੇ ਮੁੱਖ ਮੰਤਰੀ ਤੋਂ ਤੁਰੰਤ ਹਸਤਖੇਪ ਕਰਕੇ ਰਾਹਤ ਪੈਕੇਜ ਜਾਰੀ ਕਰਨ ਦੀ ਮੰਗ ਕੀਤੀ ਹੈ।

# ਬ੍ਰਿਟਿਸ਼ ਕੋਲੰਬੀਆ ਦੇ ਪਹਾੜੀ ਖੇਤਰਾਂ ਚ ਹੜ ਦਾ ਖਤਰਾ ਮੰਡਰਾਉਣ ਲੱਗਾ

## ਐਫਸਫੋਰਡ ਅਤੇ ਚਿਲਾਬੈਕ ਦੇ ਸੈਂਕੜੇ ਪਰਿਵਾਰਾਂ ਨੂੰ ਘਰ ਛੱਡ ਕੇ ਸੁਰੱਖਿਅਤ ਥਾਵਾਂ ਤੇ ਜਾਣ ਲਈ ਹੁਕਮ ਜਾਰੀ


ਫਰੈਜਰ ਵੈਲੀ ਇਲਾਕੇ ਦੇ ਖੇਤਾਂ ਚ ਇਕੱਤਰ ਮੀਂਹ ਦਾ ਪਾਣੀ।

**ਵੈਨਕੂਵਰ (ਮਲਕੀਤ ਸਿੰਘ )**- ਕਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਫਰੇਜ਼ਰ ਵੈਲੀ ਪਹਾੜੀ ਖੇਤਰ ਚ ਪਿਛਲੇ ਦੋ ਹਫਤੇ ਤੋਂ ਲਗਾਤਾਰ ਪੈ ਰਹੀ ਹਲਕੀ ਤੋਂ ਦਰਮਿਆਨੀ ਬਾਰਸ ਕਾਰਨ ਦਰਿਆਈ ਖੇਤਰਾਂ ਚ ਪਾਣੀ ਦਾ ਪੱਧਰ ਵਧਣਾ ਲਗਾਤਾਰ ਜਾਰੀ ਹੈ ਜਿਸ ਦੇ ਮੱਦੇ ਨਜ਼ਰ ਪ੍ਰਸ਼ਾਸਨ ਵੱਲੋਂ ਨੀਵੇਂ ਥਾਂ ਤੇ ਬਣੇ ਕੁਝ ਘਰਾਂ ਦੇ ਪਰਿਵਾਰਾਂ ਨੂੰ ਉਥੋਂ ਸੁਰੱਖਿਅਤ ਥਾਵਾਂ ਵੱਲ ਚਲੇ ਜਾਣ ਦੀ ਹਦਾਇਤ ਜਾਰੀ ਕੀਤੀ ਗਈ ਹੈ ਹੁਣ ਤੱਕ ਪ੍ਰਾਪਤ ਤਾਜ਼ਾ ਵੇਰਵੇ ਮੁਤਾਬਕ ਪ੍ਰਸ਼ਾਸਨ ਵੱਲੋਂ ਅਜਿਹੇ ਤਕਰੀਬਨ 350 ਤੋਂ ਵੱਧ ਘਰਾਂ ਨੂੰ ਖਾਲੀ ਕਰਨ ਦੀ ਸੂਚੀ ਜਾਰੀ ਕੀਤੀ ਗਈ ਹੈ ਸਮੁੱਚੇ ਫਰੇਜਵੈਲੀ ਇਲਾਕੇ ਵਿੱਚ ਪਾਣੀ ਦੀ ਸੰਭਾਵਿਤ ਤਬਾਹੀ ਨੂੰ ਵੇਖਦਿਆਂ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਗਿਆ ਅਤੇ ਉੱਥੋਂ ਦੇ ਵਸਨੀਕਾਂ ਨੂੰ ਸਰਕਾਰੀ ਹੁਕਮਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਗਈ ਹੈ ਇਥੋਂ ਦੇ ਕਈ ਇਲਾਕਿਆਂ ਚ ਮੀਂਹ ਦਾ ਪਾਣੀ ਇਕੱਤਰ ਹੋਣ ਕਾਰਨ ਲੋਰਮੈਂਡ ਤੋਂ ਬਾਹਰ ਜਾਣ ਵਾਲੀਆਂ ਲਗਭਗ ਸਾਰੀਆਂ ਪ੍ਰਮੁੱਖ ਸੜਕਾਂ ਤੇ ਆਰਜੀ ਤੌਰ ਤੇ ਆਵਾਜਾਈ ਰੋਕ ਦਿੱਤੀ ਗਈ ਹੈ ਬਚਾਅ ਕਾਰਜਾਂ ਲਈ ਪਹਿਲਾਂ ਤੋਂ ਤੈਇਨਾਤ ਐਮਰਜੈਸੀ ਕਰਮਚਾਰੀਆਂ ਅਤੇ ਰਾਹਤ ਟੀਮਾਂ ਵੱਲੋਂ ਪੂਰੀ ਸਥਿਤੀ ਤੇ ਬੜੀ ਚੌਕਸੀ ਨਾਲ ਨਜ਼ਰ ਰੱਖੀ ਜਾ ਰਹੀ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਖਤਰਨਾਕ ਸਥਿਤੀ ਨਾਲ ਟਾਕਰਾ ਕਰਨ ਲਈ ਅੱਗਾਂਊ ਪ੍ਰਬੰਧ ਕਰ ਲਏ ਗਏ ਹਨ।

# ਸਾਬਕਾ ਸੈਨਿਕਾਂ ਤੇ ਸ਼ਹੀਦ ਪਰਿਵਾਰਾਂ ਦਾ ਸਨਮਾਨ ਇੱਕ ਵਧੀਆ ਉਪਰਾਲਾ







**ਜਲੰਧਰ (ਪਰਮਜੀਤ ਜੱਸਲ)**- ਸ੍ਰੀ ਸੁਰਿੰਦਰ ਅਗਰਵਾਲ ਪ੍ਰਧਾਨ ਅਖਿਲ ਭਾਰਤੀਆ ਅਗਰਵਾਲ ਸੰਮੇਲਨ ਪੰਜਾਬ ਦੇ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਜਿਨਾਂ ਨੇ ਸਾਬਕਾ ਸੈਨਿਕਾਂ ਦੇ ਨਾਲ ਨਾਲ ਸ਼ਹੀਦ ਪਰਿਵਾਰਾਂ ਨੂੰ ਸਨਮਾਨ ਦਿੱਤਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਮਾਂਡਰ ਬਲਵਿੰਦਰ ਸਿੰਘ ਵਿਰਕ, ਕੈਪਟਨ ਗੁਰਮੇਲ ਸਿੰਘ , ਕਰਨਲ ਮਨਮੋਹਨ ਸਿੰਘ ਅਤੇ ਲਾਇਸ ਨਾਇਕ ਚਮਨ ਲਾਲ ਜੀ ਵੱਲੋਂ ਕੀਤਾ ਗਿਆ। ਸ਼ਹੀਦ ਪਰਿਵਾਰਾਂ ਅਤੇ ਸਾਬਕਾ ਸੈਨਿਕਾਂ ਦਾ ਸਨਮਾਨ ਸਮਾਰੋਹ ਰੈਡ ਕਰਾਸ ਭਵਨ ਜਲੰਧਰ ਵਿਖੇ ਕਰਵਾਇਆ ਗਿਆ। ਇਸ ਵਿੱਚ ਪੰਜ ਜ਼ਿਲਿਆਂ , ਜਲੰਧਰ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ,ਕਪੂਰਥਲਾ ਲੁਧਿਆਣਾ ,ਦੇ ਸਾਬਕਾ ਸੈਨਿਕਾਂ ਅਤੇ ਸ਼ਹੀਦ ਪਰਿਵਾਰਾਂ ਨੇ ਸ਼ਿਰਕਤ ਕੀਤੀ। ਸਿਵਲੀਅਨ ਹੋਣ ਦੇ ਨਾਤੇ ਇਹ ਸਨਮਾਨ ਸਮਾਰੋਹ ਇਕ ਵਿਲੱਖਣ ਸੋਚ ਦਾ ਨਤੀਜਾ ਹੈ। ਇਸ ਸਮਾਗਮ ਸਮੇਂ ਸ੍ਰੀ ਸੁਰਿੰਦਰ ਅਗਰਵਾਲ ਜੀ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਇਸੇ ਤਰ੍ਹਾਂ ਬਾਕੀ ਜ਼ਿਲਿਆਂ 'ਚ ਸਨਮਾਨ ਸਮਾਰੋਹ ਕੀਤੇ ਜਾਣਗੇ। ਜਿਸ 'ਚ ਬਾਕੀ ਰਹਿੰਦੇ ਜ਼ਿਲਿਆਂ ਦੇ ਸਾਬਕਾ ਸੈਨਿਕਾਂ ਅਤੇ ਸ਼ਹੀਦ ਪਰਿਵਾਰਾਂ ਨੂੰ ਸ਼ਾਮਿਲ ਕੀਤਾ ਜਾਵੇਗਾ। ਉਨਾਂ ਨੇ ਕਿਹਾ ਕਿ ਸਾਬਕਾ ਸੈਨਿਕ ਅਤੇ ਸ਼ਹੀਦ ਪਰਿਵਾਰ ਮੇਰੇ ਲਈ ਬਹੁਤ ਸਤਿਕਾਰਤ ਹਨ।



ਬਲਾਕ ਸੰਮਤੀ ਰਾਏਪੁਰ ਰਸੂਲਪੁਰ ਤੋਂ ਬਸਪਾ ਉਮੀਦਵਾਰ ਸ੍ਰੀਮਤੀ ਇੰਦਰਜੀਤ ਦੇ ਹੱਕ ਵਿੱਚ ਪ੍ਰਚਾਰ ਕਰਦੇ ਹੋਏ ਬਸਪਾ ਆਗੂ,ਵਰਕਰ ਅਤੇ ਸਮਰਥਕ। ਜਿਨਾਂ 'ਚ ਪ੍ਰਿੰਸੀਪਲ ਪਰਮਜੀਤ ਜੱਸਲ, ਸੱਤੀ, (ਬਿੰਦਰ),ਪਾਲਾ ਰਾਮ,ਸੋਹਣ ਲਾਲ, ਬੌਬੀ, ਮੰਗਾ,ਬਖਸੀਸ ਚੰਦਰ ਮਹਿਮੀ, ਗਿਆਨ ਚੰਦ ਮਹਿਮੀ,ਬਖਸੀਸ ਚੰਦ, ਗਿਆਨੀ ਸੋਮ ਲਾਲ,ਸ਼ਾਮ ਕੁਮਾਰ ਸ਼ਰਮਾ, ਗਿਆਨੀ ਚਮਨ ਸਿੰਘ, ਤਰਨਦੀਪ ਮਹਿਮੀ, ਕੀਰਤੀ ਸਤਪਾਲ ਜੱਸਲ, ਕੁਲਵਿੰਦਰ ਕੌਰ ਅਤੇ ਬਲਵਿੰਦਰ ਹੋਰ ਹਾਜ਼ਰ ਸਨ।

# (ਲੇਖ) ਮਿੱਠੀ ਯਾਦ

ਅੱਜ ਕੱਲ੍ਹ ਇੱਕ ਹੋਰ ਬੜਾ ਰਿਵਾਜ ਰੀਸ ਵੀ ਕਹਿ ਸਕਦੇ ਹਾਂ ਚੱਲ ਰਿਹਾ ਹੈ ਧਾਰਮਿਕ ਸਥਾਨਾਂ ਤੇ ਕਿ ਮਾਂ ਪਿਓ ਦੀ ਮਿੱਠੀ ਯਾਦ ਦੇ ਵਿੱਚ ਲੰਗਰ ਲਾਏ ਜਾਂਦੇ ਹਨ, ਸਮਝ ਹੀ ਨਹੀਂ ਆਉਂਦੀ ਰੱਜਿਆਂ ਹੋਇਆਂ ਨੂੰ ਰਜਾਉਣਾ, ਕਿੱਥੋਂ ਦੀ ਇਹ ਸਿਆਣਪ ਹੈ, ਮਨ ਵਿੱਚ ਬੜਾ ਰੋਸ਼ ਹੁੰਦਾ ਹੈ ਪੈਸਾ ਤਾਂ ਬਹੁਤ ਹੈ, ਸਮਝ ਨਹੀਂ ਆਉਂਦੀ ਗਰੀਬਾਂ ਦੇ ਵੀ ਤਾਂ ਮਾਂ ਪਿਓ ਹੁੰਦੇ ਹਨ ਰਿਸ਼ਤੇਦਾਰ ਹੁੰਦੇ ਹਨ, ਤੁਸੀਂ ਕੀ ਦਿਖਾਉਣਾ ਚਾਹੁੰਦੇ ਹੋ ਕੀ ਉਹਨਾਂ ਨੂੰ ਯਾਦ ਨਹੀਂ ਆਉਂਦੀ, ਕਿਵੇਂ ਤੁਸੀਂ ਇਹ ਪੈਸਾ ਕਮਾਇਆ ਕਿੱਥੇ ਲਾ ਰਹੇ ਹੋ ਤੇ ਕਿਉਂ ਲਾ ਰਹੇ ਹੋ ,ਇਕ ਪਾਸੇ ਗਰੀਬੀ ਭੁੱਖ ਮਰੀ ਸਰਦੀ ਵਿਚ ਠਿਠਰਦੇ ਬੰਦੇ ਸੜਕਾਂ ਤੇ ਪਏ ਮਿਲਣਗੇ, ਉੰਝ ਆਖਦੇ ਹੋ ਕੁਦਰਤ ਦੇ ਸਭ ਬੰਦੇ, ਧੌਲ ਧਰਮ ਦਇਆ ਕਾ ਪੂਤ, ਅੱਖ ਭਾਈ ਘਨਈਆ ਵਰਗੀ ਹੋਵੇ, ਨਿਰਧਨੁ ਆਦਰ ਕੋਊ ਨਾ ਕੋਊ ਨਾ ਦੇ। ਤਾਏ ਦੀ ਧੀ ਚੱਲੀ ਤੇ ਮੈਂ ਕਿਉਂ ਰਵਾਂ ਇਕੱਲੀ, ਬੱਸ ਇਕ ਭੇਡਚਾਲ ਵਿੱਚ ਭੇਡ ਬਣ ਰਹੇ ਹਾਂ, ਕੁੱਝ ਵੀ ਤਾਂ ਨਹੀਂ ਹੋ ਰਿਹਾ, ਨਾ ਇਹਦੇ ਉੱਤੇ ਕੋਈ ਰੋਕ ਹੈ ਨਾ ਕੋਈ ਟੋਕ ਹੈ, ਬਸ ਭੇਡਾਂ ਵਿੱਚ ਭੇਡ ਬਣੀ ਜਾਂਦੇ ਹਨ, ਬੜਾ ਦੁੱਖ ਹੁੰਦਾ ਜਿਸ ਵਿੱਚ ਇੱਕ ਪਾਸੇ ਤਾਂ ਘਰ ਦੇ ਵਿੱਚ ਮੰਨ ਲਓ ਪਿਓ ਹੈ ਨੀ ਉਹਦੀ ਮਿੱਠੀ ਯਾਦ ਮਨਾਈ ਜਾਂਦੀ ਹੈ ਇਕ ਪਾਸੇ ਮਾਂ 100 ਰੁਪਏ ਦੀ ਦਵਾਈ ਵਾਸਤੇ ਤਰਸ ਦੀ ਰਹਿੰਦੀ ਹੈ ਉਹਨੂੰ ਕੋਈ ਦਵਾਈ ਤੱਕ ਨਹੀਂ ਲਿਆ ਕੇ ਦਿੰਦਾ, ਆਵਾਜ਼ਾਂ ਮਾਰਦੀ ਰਹਿੰਦੀ ਹੈ। ਹੁਣ ਗੱਲ ਮੁੱਦੇ ਦੀ ਆਵੇ ਅਸਲ ਵਿੱਚ ਸਮੱਸਿਆ ਇਹ ਹੈ ਕਿ ਇਹ ਕੰਮ ਧਰਮ ਦੇ ਕੀਤੇ ਜਾਂਦੇ ਹਨ ਜੇ ਮੈਂ ਗ਼ਲਤ ਨਹੀਂ ਤਾਂ ਟੈਕਸਾਂ ਨੂੰ ਬਚਾਉਣ ਵਾਸਤੇ ਆਮ ਬੰਦਾ ਰੀਸੋ ਰੀਸੀ ਇਹਨਾਂ ਦੇ ਵਿੱਚ ਹੀ ਫਸ ਜਾਂਦਾ ਹੈ, ਇਸ ਵਾਸਤੇ ਚੰਗਾ ਹੋਵੇ ਕਿਉਂਕਿ ਹਰ ਇੱਕ ਨੂੰ ਇੱਕ ਸ਼ੌਂਕ ਪੈ ਗਿਆ ਨਾਮ ਪ੍ਰਗਟ ਹੋਣਾ ਦਾ ਨਾਮ ਪ੍ਰਗਟ ਕਰ ਦਿੱਤਾ ਜਾਵੇ ਇਹਨਾਂ ਸਥਾਨਾਂ ਤੇ ਲੰਗਰ ਜਿੱਥੇ ਜ਼ਰੂਰਤਾਂ ਹਨ ਉਹਨਾਂ ਦੇ ਘਰਾਂ ਵਿੱਚ ਕਿਸੇ ਨੂੰ ਆਟੇ ਦੀ ਲੋੜ ਹੈ ਕਿਸੇ ਨੂੰ ਤੇਲ ਦੀ ਲੋੜ੍ਹ ਹੈ ਕਿਸੇ ਨੂੰ ਰਾਸ਼ਨ ਪਾਣੀ ਦੀ ਲੋੜ੍ਹ ਹੈ ਉਹਨਾਂ ਘਰਾਂ ਦੇ ਵਿੱਚ ਜਿਹਨੂੰ ਸੱਚਾ ਸੌਦਾ ਨਾ ਦਿੱਤਾ ਗਿਆ ਸੀ ਉੱਥੇ ਪਹੁੰਚਾਇਆ ਜਾਣਾ ਚਾਹੀਦਾ ਹੈ , ਇਹੋ ਜਿਹੀ ਸੇਵਾ ਦਰਗਾਹ ਵਿੱਚ ਵਿੱਚ ਕਬੂਲ ਹੁੰਦੀ ਹੈ, ਬਾਕੀ ਆਪਣੇ ਆਪਣੇ ਵਿਚਾਰ ਦੇਣੇ ਸ਼ੁਰੂ ਕਰੋ, ਤੁਸੀਂ ਕੀ ਆਖਦੇ ਹੋ?



**ਕੰਵਲਜੀਤ ਕੌਰ**

# ਆਖਰੀ ਇੱਛਾ ਪੂਰੀ ਕਰੇਂਗਾ

ਕਹਾਵਤ ਹੈ,ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ,ਮੈਂ ਗੁਰੀ ਨੂੰ ਸਿਰਫ ਗੀਤ ਲਈ ਹੀ ਪ੍ਰੇਰਿਆ ਸੀ,ਪਰ ਉਹਨਾਂ ਨੇ ਕਹਾਣੀਆਂ,ਕਵਿਤਾ,ਨਾਵਲ ਅਤੇ ਗੀਤਾਂ ਦੀਆਂ ਚਾਰ ਕਿਤਾਬਾਂ,ਪਲੇਠੀ ਕਿਤਾਬ 'ਅੰਮ੍ਰਿਤ ਵਰਗੀ ਕੁੜੀ'-ਕਾਵਿ ਸੰਗ੍ਰਹਿ,ਦੂਜੀ ਕਿਤਾਬ 'ਕੁੱਜੇ 'ਚ ਰੱਬ' ਕਹਾਣੀ ਸੰਗ੍ਰਹਿ,ਤੀਜੀ ਕਿਤਾਬ 'ਤਾਜੀਬਾ' ਨਾਵਲ-ਚਹੁੰ ਜਨਮਾਂ ਦੀ ਦਾਸਤਾਨ ਤੇ ਚੌਥੀ ਕਿਤਾਬ 'ਆਖਰੀ ਇੱਛਾ ਪੂਰੀ ਕਰੇਂਗਾ' ਕਾਵਿ ਸੰਗ੍ਰਹਿ,ਜਿਹੜੀ ਕਿਤਾਬ ਅੱਜ ਦਾ ਵਿਸ਼ਾ ਹੈ,ਇਹ ਸਾਰੀਆਂ ਕਿਤਾਬਾਂ ਲਿੱਖਕੇ ਸਿੱਧ ਕਰਤਾ ਕਿ ਉਹ ਬਹੁਵਿਧਾਵੀ ਲੇਖਕਾ ਹੈ ਜਦੋਂ ਕਿ ਮੇਰੀਆਂ ਪ੍ਰੇਰਿਤ ਕਰਨ ਵਾਲੇ ਦੀਆਂ ਮਹਿਜ਼ ਦੋ ਗੀਤਾਂ ਦੀਆਂ ਕਿਤਾਬਾਂ ਆਈਆਂ ਹਨ। ਬਾਕੀ ਔਰਤਾਂ ਨੂੰ ਘਰੇਲੂ ਰੁਝੇਵੇਂ ਵੀ ਵਾਧੂ ਹੁੰਦੇ ਹਨ,ਉਸ ਦੇ ਬਾਵਜੂਦ ਵੀ ਉਹ ਹਿੰਮਤ ਕਰਦੇ ਹਨ ਅਤੇ ਸਾਹਿਤ ਲਈ ਸਮਾਂ ਕੱਢ ਲੈਂਦੇ ਹਨ।

ਗੁਰੀ ਜੀ ਨਾਲ ਮੇਰੀ ਸਾਂਝ ਫੇਸਬੁੱਕ ਰਾਹੀਂ ਬਣੀ ਫਿਰ ਮੇਰੇ ਗੀਤ ਅਭਿਆਸ ਗਰੁੱਪ ਦੇ ਵੀ ਮੈਂਬਰ ਵੀ ਰਹੇ। ਅਭਿਆਸ ਗਰੁੱਪ ਤੋਂ ਬਿਨਾਂ ਹੋਰ ਵੀ ਸਾਂਝੇ ਪਲੇਟਫਾਰਮਾਂ ਤੇ ਇਕੱਠੇ ਵਿਚਰਦੇ ਰਹਿਣ ਕਰਕੇ ਅਸੀਂ ਇੱਕ ਦੂਜੇ ਦੇ ਵਿਚਾਰਾਂ ਤੋਂ ਜਾਣੂੰ ਹਾਂ। ਮੇਰੀ ਪ੍ਰੇਰਣਾ ਨਾਲ ਹੀ ਇਹਨਾਂ ਨੇ ਦੋ ਚਾਰ ਸਤਰਾਂ ਦੀ ਲੇਖਣੀ ਤੋਂ ਗੀਤ ਲਿਖਣੇ ਸ਼ੁਰੂ ਕੀਤੇ,ਫੇਸਬੁੱਕ ਤੇ ਚੱਲਦੇ ਸਾਡੇ ਗਰੁੱਪ 'ਪੰਜਾਬ ਗੀਤ ਕਲਾ ਮੰਚ, ਚ ਚੱਲਦੇ ਗੀਤ ਮੁਕਾਬਲੇ ਵਿੱਚ ਵੀ ਹਿੱਸਾ ਲਿਆ। ਸਾਰੀਆਂ ਕਿਤਾਬਾਂ ਹੀ ਸਤਿਕਾਰ ਵਜੋਂ ਮੈਨੂੰ ਮਿਲਦੀਆਂ ਰਹੀਆਂ ਪਰ ਇਹ ਚੌਥੀ ਕਿਤਾਬ ਸਤਿਕਾਰ ਵਜੋਂ ਇਹਨਾਂ ਨੇ ਮੈਨੂੰ ਸਮਰਪਤ ਕਰਕੇ ਸਨਮਾਨ ਕੀਤਾ।

ਜਦੋਂ ਕਿਤਾਬ ਪੜੀ ਤਾਂ ਵੱਖ ਵੱਖ ਰਚਨਾਵਾਂ ਪੜ੍ਹਕੇ ਪ੍ਰਭਾਵਤ ਹੋਣੋ ਨਾ ਰਹਿ ਸਕਿਆ। 'ਵਾਰਿਸ ਸ਼ਾਹ ਨੂੰ ਹਾਕ' ਵਿੱਚ ਲਿਖਦੇ ਹਨ:-







ਇਥੇ ਕੁੱਖਾਂ 'ਚ ਕਬਰਾਂ ਨੇ
ਧੀਆਂ ਜਿਉਂਦੀਆਂ ਸਾੜੀਆਂ ਜਾਣ।
ਦਿਨ ਦਿਹਾੜੇ ਇੱਜਤਾਂ ਲੁੱਟੀਆਂ,
ਜਮੀਰਾਂ ਹੋਈਆਂ ਨੇ ਸ਼ਮਸ਼ਾਨ।
ਪਾ ਕੋਈ ਬਾਤ ਮਹੱਬਤਾਂ ਦੀ,
ਝੱਲ ਜਾਈਏ ਜਖਮਾਂ ਦੀ ਤਾਬ।
ਮੈਂ ਖੜੀ ਕਬਰ ਤੇ ਅਰਜ ਕਰਾਂ,
ਵਾਰਿਸ ਸ਼ਾਹ ਜੀ ਪਓ ਜਾਗ।
ਵੇਖ ਕੂੰਜਾਂ ਕੁਰਲਾਉਂਦੀਆਂ,
ਤੇਰਾ ਲੁੱਟਿਆ ਜਾ ਰਿਹਾ ਪੰਜਾਬ।

ਇਕ ਹੋਰ ਰਚਨਾਂ 'ਫੋਟੋ ਵੇਂਹਦੀ ਰਹੀ' ਰਾਹੀਂ ਤਨਹਾਈ ਦੇ ਰੁਦਨ ਲਿਖੇ ਹਨ:-

ਇੱਕ ਰੀਝ ਸੀ ਮੇਰੀ ਸੱਜਣਾ ਵੇ
ਤੇਰੀ ਹਿੱਕ ਤੇ ਸਿਰ ਰੱਖ ਸੌਣੇ ਦੀ।
ਤੇਰੀਆਂ ਤਲੀਆਂ ਨੂੰ ਚੁੰਮਣੇ ਦੀ,
ਤੇ ਬਾਹਾਂ ਵਿੱਚ ਆਕੇ ਰੋਣੇ ਦੀ।
ਤੂੰ ਰੁੱਖ ਮਹੱਬਤ ਦਾ ਛਾਂਗ ਦਿੱਤਾ,
'ਗੁਰੀ' ਨਾਮ ਤੇਰਾ ਹੀ ਲੈਂਦੀ ਰਹੀ।
ਅੱਖ ਭਰ ਭਰਕੇ ਡੁਲ੍ਹਦੀ ਰਹੀ,
ਤੇ ਮੈਂ ਤੇਰੀ ਫੋਟੋ ਵਿਹਦੀ ਰਹੀ।

'ਜੀਵਨ' ਨਾਮ ਦੀ ਰਚਨਾਂ ਚ ਜੀਵਨ ਦੀ ਹਕੀਕਤ ਲਿਖਦੇ ਹਨ :-

ਜਦ ਗਰੀਬੀ ਸੀ ਤਦ ਖਿਡੌਣਿਆਂ ਨੂੰ ਤਰਸੇ,
ਜਦ ਅਮੀਰੀ ਆਈ ਤਦ ਖੁਦ ਖਿਡੌਣਾ ਬਣਗੇ।
ਸਾਨੂੰ ਕੋਈ ਵੀ ਰਾਸ ਨਹੀਂ।

'ਰੱਖੀ-ਮਿੱਸੀ ਰਚਨਾਂ ਚ ਜੱਟਾਂ ਬਾਰੇ ਲਿਖਦੇ ਹਨ,ਸੱਚੀਂ ਗਾਇਕਾਂ ਗੀਤਕਾਰਾਂ ਨੇ ਪਤਾ ਨਹੀਂ ਕਿਥੋਂ ਜੱਟਾਂ ਦੀ ਕੋਈ ਨਵੀਂ ਹੀ ਸ਼੍ਰੇਣੀ ਘੜ ਰੱਖੀ ਐ, ਉਹ ਜਿਹੜੀਆਂ ਗੱਲਾਂ ਜੱਟਾਂ ਬਾਰੇ ਲਿਖਦੇ ਗਾਉਂਦੇ ਐ ਉਹ ਸਭ ਜੱਟਾਂ ਦੇ ਕਾਰਨਾਮੇ ਨਹੀਂ ਹਨ :-

ਇਹ ਜੱਟ ਨਹੀਂ ਗਾਣਿਆਂ ਵਾਲੇ,ਜਿਹੜੇ ਫੁਕਰੇ ਸ਼ੌਂਕ ਪੁਗਾਉਂਦੇ ਨੇ।
ਇਹ ਜੱਟ ਤਾਂ ਖੇਤਾਂ ਵਾਲੇ ਨੇ,ਜੋ ਸਿੱਧੀ-ਸਾਦੀ ਜਿੰਦਗੀ ਬਿਤਾਉਂਦੇ ਨੇ।
ਅੰਨ ਦਾਤੇ ਹੋਕੇ ਵੀ,ਫੱਕਰਾਂ ਦੀ ਜੂਨ ਹੰਢਾ ਲੈਂਦੇ।
ਜੱਟ ਬਹਿਕੇ ਵੱਟਾਂ ਤੇ,ਰੋਟੀ ਰੱਖੀ-ਮਿੱਸੀ ਖਾ ਲੈਂਦੇ।
ਹੌਕੇ ਹਾਵਾਂ ਦੇ ਨਾਲ ਸਕੀਰੀ ਤੇ ਹਿੰਮਤ ਮਿਹਨਤਾਂ ਦੇ ਨਾਲ ਯਾਰੀ।
ਫਕੀਰਾਂ ਵਰਗੇ ਗੁਣਾਂ ਦੀ ਗੁੱਥਲੀ, ਸਾਂਭੀ ਬੈਠੇ ਇੱਜਤਾਂ ਤੇ ਸਰਦਾਰੀ।
ਗੱਲ ਕਰਦੇ ਨਹੀਂ ਬਰੈਂਡਾ ਦੀ,ਸਾਦਾ ਹੀ ਪਾ ਲੈਂਦੇ।
ਜੱਟ ਬਹਿਕੇ ਵੱਟਾਂ ਤੇ,ਰੋਟੀ ਰੱਖੀ ਮਿੱਸੀ ਖਾ ਲੈਂਦੇ।

'ਗੱਲ ਕਰਾਂਗੇ ਨਾ' ਵਿੱਚ-

ਦੇਹਾਂ ਤੋਂ ਪਾਰ ਦੀ ਗੱਲ।
ਸਾਡੇ ਪਿਆਰ ਦੀ ਗੱਲ।
ਨਿਭ ਜਾਣ ਦੀ ਤਸੱਲੀ ਨਾਲ
ਗੱਲ ਕਰਾਂਗੇ ਆਪਾਂ ਦੋਵੇਂ।

ਹੋਰ ਵੀ ਬਹੁਤ ਰਚਨਾਵਾਂ ਹਨ ਜੋ ਪਾਠਕ ਦਾ ਧਿਆਨ ਖਿੱਚਦੀਆਂ ਹਨ ਜਿਵੇਂ :-ਕੁੜੀਏ ਹਿੰਮਤਾਂ ਵਾਲੀਏ,ਰੁੱਖ,ਰੱਬ ਦੇ ਦੀਦਾਰੇ, ਇਹ ਨਹੀਂ ਦੱਸਿਆ ਮਾਂ,ਪੱਥਰ,ਸਾੜੇ ਦੀ ਅੱਗ, ਆਦਿ

ਗੁਰੀ ਦੀਆਂ ਰਚਨਾਵਾਂ ਪੜ੍ਹਕੇ ਮਹਿਸੂਸ ਹੁੰਦਾ ਹੈ ਕਿ ਆਉਣ ਵਾਲਾ ਸਮਾਂ ਉਸਦਾ ਹੀ ਹੈ। ਕਿਤਾਬ ਦਰ ਕਿਤਾਬ ਅਤੇ ਰਚਨਾਂ ਦਰ ਰਚਨਾਂ ਉਸਦੀ ਲੇਖਣੀ ਚ ਨਿਖਾਰ ਆ ਰਿਹਾ ਹੈ, ਨ ਲਿਨਏ ਪਰਚੇ,ਅਤੇ ਪ੍ਰਿੰਟ ਮੀਡੀਆ ਉਸ ਨੂੰ ਥਾਂ ਦੇ ਰਿਹਾ ਹੈ, ਸਾਹਿਤਕ ਚਰਚਾਵਾਂ ਵਿੱਚ ਉਸਦਾ ਜਿਕਰ ਹੈ।

ਸ਼ਾਲਾ ! ਇਹ ਕਲਮ ਉਚਾਈਆਂ ਛੂਹੇ-ਆਮੀਨ !ਜਨਕ ਸੰਗਤ

**ਦਿਲਪ੍ਰੀਤ ਗੁਰੀ**

# ਲਾਈਲੱਗਤਾ ਦੀ ਬਿਮਾਰੀ

ਲਾਈਲੱਗਤਾ ਇੱਕ ਐਸੀ ਬਿਮਾਰੀ ਹੈ ਜੋ ਦਵਾਈਆਂ ਨਾਲ ਠੀਕ ਨਹੀਂ ਹੋ ਸਕਦੀ ।

ਇਸ ਬਿਮਾਰੀ ਦਾ ਮਰੀਜ਼ ਨੂੰ ਪਤਾ ਹੀ ਨਹੀਂ ਚੱਲਦਾ ਕਿ ਉਹ ਇਸ ਬਿਮਾਰੀ ਤੋਂ ਪੀੜ੍ਹਤ ਹੈ ।

ਇਸ ਤੋਂ ਵੀ ਹੈਰਾਨ ਕਰਨ ਵਾਲੀ ਗੱਲ ਹੈ ਕਿ ਮਰੀਜ਼ ਵੀ ਇਸ ਬਿਮਾਰੀ ਤੋਂ ਖਹਿੜ੍ਹਾ ਛੁਡਾਉਣਾ ਨਹੀਂ ਚਾਹੁੰਦਾ ।

ਹੋਰ ਵੀ ਜਿਆਦਾ ਹੈਰਾਨੀ ਦੀ ਗੱਲ ਹੈ ਕਿ ਇਸ ਤਰਾਂ ਦਾ ਮਰੀਜ਼ ਇਹ ਬਿਮਾਰੀ ਆਪਣੀ ਅਗਲੀ ਪੀੜ੍ਹੀ ਨੂੰ ਦੇਣਾ ਆਪਣਾ ਫਰਜ਼ ਸਮਝਦਾ ਹੈ ਲ ਜਦੋਂ ਮਰੀਜ਼ ਦੀ ਅਗਲੀ ਪੀੜ੍ਹੀ ਵੀ ਇਸ ਬਿਮਾਰੀ ਤੋਂ ਪੂਰੀ ਤਰਾਂ ਪੀੜ੍ਹਤ ਹੋ ਜਾਵੇ ਤਾਂ ਮਰੀਜ਼ ਆਪਣਾ ਫਰਜ਼ ਪੂਰਾ ਕੀਤਾ ਮਹਿਸੂਸ ਕਰਦਾ ਹੈ ।

ਅਬਾਦੀ ਵੱਧ ਹੋਣ ਕਾਰਣ ਇਹੋ ਜਿਹੇ ਮਰੀਜ਼ ਦੁਨੀਆਂ ਵਿੱਚ ਸਭ ਤੋਂ ਵੱਧ ਭਾਰਤ ਵਿੱਚ ਪਾਏ ਜਾਂਦੇ ਹਨ ।

ਆਓ ਆਪਣੇ ਆਪ ਤੇ ਅਤੇ ਸਮਾਜ ਤੇ ਨਿਗ੍ਹਾ ਮਾਰੀਏ ਅਤੇ ਦੇਖੀਏ ਕਿ ਸਾਨੂੰ ਕਿੰਨੇ ਕੁ ਮਰੀਜ਼ ਇਸ ਬਿਮਾਰੀ ਤੋਂ ਪੀੜ੍ਹਤ ਦਿਖਾਈ ਦਿੰਦੇ ਹਨ?

ਇਸ ਬਿਮਾਰੀ ਦਾ ਇਲਾਜ ਸਿਰਫ ਕਿਤਾਬਾਂ ਅਤੇ ਲਾਇਬਰੇਰੀਆਂ ਨਾਲ ਜੁੜ ਕੇ ਅਤੇ ਵਿਚਾਰ ਚਰਚਾ ਕਰਕੇ ਹੀ ਕੀਤਾ ਜਾ ਸਕਦਾ ਹੈ ।



**ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ**
**(ਜਲੰਧਰ)**
**006421392147**



# ਕੁੰਜ (ਕਹਾਣੀ)

‘ਸੁਰੇਸ਼!’ ਮੈਂ ਆਪਣੇ ਆਲੇ-ਦੁਆਲੇ ਦੇਖਿਆ,ਪਰ ਮੈਨੂੰ ਅਜਿਹਾ ਕੋਈ ਨਾ ਮਿਲਿਆ,ਜੋ ਮੇਰਾ ਨਾਂ ਲੈ ਕੇ ਮੈਨੂੰ ਬੁਲਾਉਂਦਾ ਹੋਵੇ। ਮੈਂ ਰੁੱਕ ਕੇ,ਫਿਰ ਇੱਕ ਕਦਮ ਅੱਗੇ ਵਧਾਇਆ।

‘ਸੁਰੇਸ਼!’ਇਸ ਵਾਰ ਆਵਾਜ਼ ਪਹਿਲਾਂ ਨਾਲੋਂ ਉੱਚੀ ਸੀ ‘ਤੇ ਸਾਫ਼। ਮੈਂ ਸਿਰ ਉਤਾਂਹ ਕਰ ਕੇ ਉੱਪਰ ਵਲ ਤੱਕਿਆ। ਸਰੋਜ ਬਾਲਾ ਆਪਣਾ ਹੱਥ ਦਾ ਇਸ਼ਾਰਾ ਕਰ ਕੇ ਮੈਨੂੰ ਰੋਕ ਰਹੀ ਸੀ। ਮੈਂ ਉਸ ਨੂੰ ਇਸ ਤਰ੍ਹਾਂ ਕਰਦਿਆਂ ਦੇਖ ਕੇ,ਇੱਕ ਛਿਣ ਲਈ ਠਠੰਬਰ ਗਿਆ।

‘ਹਾਂ,ਖੱਬੇ ਹੱਥ ਪੌੜੀ ਹੈ,ਉੱਥੋਂ ਦੀ ਆ ਜਾਵੋ।’ ਉਸ ਨੇ ਆਪਣਾ ਹੱਥ ਪੌੜੀਆਂ ਵਲ ਕਰਦੇ ਹੋਏ ਮੈਨੂੰ ਕਿਹਾ।

ਮੈਂ ਮੁੜਿਆ ਅਤੇ ਦੱਸੀ ਹੋਈ ਸੇਧ ਵਾਲੀਆਂ ਪੌੜੀਆਂ ਦੇ ਉੱਪਰ ਚੜ੍ਹਨ ਲੱਗਾ।

ਪੌੜੀਆਂ ਵਿਚ ਹਨੇਰਾ ਸੀ। ਮੈਂ ਸੰਭਲ-ਸੰਭਲ ਪੈਰ ਰੱਖਦਾ ਹੋਇਆ ਉਤਾਂਹ ਵਧ ਰਿਹਾ ਸੀ।

ਪੌੜੀਆਂ ਦੇ ਸਿਰੇ ਵਾਲੇ ਦਰਵਾਜ਼ੇ ‘ਤੇ ਸਰੋਜ ਖੜੀ ਕਹਿ ਰਹੀ ਸੀ,’ਬਿਨਾ ਕਿਸੇ ਡਰ ਦੇ ਚੜ੍ਹਦੇ ਆਓ। ਪੌੜੀ ਦੀ ਹਰ ਥੜ੍ਹੀ ਵਿਚ ਲੱਗੀ ਇੱਟ ਪੱਕੀ ਹੈ। ਡਿੱਗਣ ਦਾ ਕੋਈ ਭੈਅ ਨਹੀਂ।’

ਅਤੇ ਮੈਂ ਬਿਨਾ ਡਿੱਗਣ ਦੇ ਭੈਅ ਤੋਂ,ਹਰ ਥੜ੍ਹੀ ਵਿਚ ਲੱਗੀ ਪੱਕੀ ਇੱਟ ‘ਤੇ ਪਕਿਆਈ ਨਾਲ ਪੈਰ ਧਰਦਾ ਹੋਇਆ ਸਿਰੇ ਪੁੱਜ ਗਿਆ।

‘ਪਿਆਰ। ਆਉ ਅੰਦਰ ਲੰਘ ਆਓ।’ ਸਰੋਜ ਨੇ ਮੈਨੂੰ ਦਰਵਾਜ਼ੇ ‘ਤੇ ਪੁੱਜਦੇ ਹੋਏ ਨੂੰ ਆਖਿਆ।

‘ਪਿਆਰ।’ ਅਤੇ ਮੈਂ ਉਸ ਦੇ ਨਾਲ ਕਮਰੇ ਵਿੱਚ ਚੱਲਿਆ ਗਿਆ।

ਉਸ ਨੇ ਮੈਨੂੰ ਸੋਫ਼ੇ ਤੇ ਬਿਠਾਉਂਦੀਆਂ ਹੋਇਆਂ ਪੁੱਛਿਆ,’ਅੱਜ ਸਵੇਰੇ-ਸਵੇਰੇ ਕਿੱਧਰ ਦੀ ਸੈਰ ਹੋ ਰਹੀ ਸੀ?’

‘ਬੱਸ,ਕੰਮ ਜਾ ਰਿਹਾ ਸੀ ਪਰ ਸਰੋਜ,ਤੂੰ ਇੱਥੇ ਕਿਵੇਂ?’

‘ਦੇਖ ਲਓ,ਤੁਹਾਨੂੰ ਲੱਭਣ।’

‘ਨਿਰਾ ਝੂਠ।’

‘ਉਹ ਕਿਵੇਂ?’

‘ਮੈਥੋਂ ਜ਼ਰੂਰ ਪੁੱਛਣਾ ਚਾਹੁੰਦੀ ਏਂ।’

‘ਚੱਲੋ,ਨਾ ਦੱਸੋ।’ ਉਸ ਨੇ ਗੱਲ ਦਾ ਰੁੱਖ ਬਦਲਦੀ ਹੋਈ ਨੇ ਕਿਹਾ।

‘ਪਰ ਲਉਗੇ ਕੀ? ਗਰਮ ਜਾਂ ਠੰਢਾ।’

‘ਜੋ ਤੁਹਾਡੀ ਮਰਜ਼ੀ। ਪਰ ਪਹਿਲਾਂ ਇਹ ਤੇ ਦੱਸੋ ਕਿ ਤੁਸੀਂ ਇੱਥੇ ਕਿਵੇਂ?

‘ਮੈਂ ਇੱਥੇ ਆਪਣੀ ਸਹੇਲੀ ਨੂੰ ਮਿਲਣ ਅਤੇ ਕੁੱਝ ਕੰਮ ਪੂਰੇ ਕਰਨ ਆਈ ਸੀ,ਪਰ ਅਚਾਨਕ ਉਸ ਦੀ ਮਾਤਾ ਬਿਮਾਰ ਹੋ ਗਈ ਦੀ ਤਾਰ ਆਉਣ ‘ਤੇ ਉਹ ਚਲੀ ਗਈ। ਮੈਂ ਇੱਥੇ ਇਕੱਲੀ ਹੀ ਹਾਂ। ਕਿੰਨਾ ਅੱਛਾ ਹੋਇਆ ਕਿ ਤੁਸੀਂ ਮਿਲ ਪਏ। ਘੱਟੋ-ਘੱਟ ਬੋਰ ਤਾਂ ਨਾ ਹੋਵਾਂਗੀ।’ ਉਸ ਨੇ ਬੜੇ ਸਾਫ਼ ਤੇ ਸਪਸ਼ਟ ਸ਼ਬਦਾਂ ਵਿੱਚ ਮੈਨੂੰ ਕਹਿ ਦਿੱਤਾ।

‘ਸਰੋਜ,ਤੈਨੂੰ ਯਾਦ ਹੈ,ਜਦੋਂ ਤੂੰ ਪਹਿਲੀ ਵਾਰੀ ਮਿਲੀ ਸੀ,ਉਸ ਦਿਨ ਮੈਂ ਵੀ ਇਹ ਹੀ ਕਿਹਾ ਸੀ ਕਿ ਮੈਂ ਇਕੱਲਾ ਹੀ ਕਮਰੇ ਵਿਚ ਰਹਿੰਦਾ ਹਾਂ।

‘ਹਾਂ,ਮੈਨੂੰ ਪੂਰੀ ਤਰ੍ਹਾਂ ਯਾਦ ਹੈ। ਇੰਜ ਲੱਗਦਾ ਹੈ ਕਿ ਜਿਵੇਂ ਇਹ ਕਲ ਦੀ ਹੀ ਗੱਲ ਹੋਵੇ। ਨਾ ਭੁੱਲਣ ਵਾਲੀ ਛੋਟੀ ਜਿਹੀ,ਜੋ ਸਦਾ ਲਈ ਮਨ ‘ਤੇ ਅਮਿੱਟ ਛਾਪ ਛੱਡ ਗਈ।’

ਮੈਂ ਚਾਹ ਦਾ ਕੱਪ ਬਣਾ ਕੇ ਲਿਆਂਦੀ ਹਾਂ। ਤੁਸੀਂ ਹੀਟਰ ਦੇ ਨਜ਼ਦੀਕ ਹੋ ਜਾਓ।’ ਉਸ ਨੇ ਹੀਟਰ ਦੀ ਸਵਿੱਚ ਨੂੰ ਦਬਾਉਂਦੇ ਹੋਏ ਕਿਹਾ।

ਸਰੋਜ ਰਸੋਈ ‘ਚ ਚਲੀ ਗਈ।

ਮੈਂ ਸੋਫ਼ੇ ‘ਤੇ ਥੋੜ੍ਹਾ ਜਿਹਾ ਸਰਕ ਕੇ ਹੀਟਰ ਦੇ ਲਾਗੇ ਹੋ ਗਿਆ। ਸਰਦੀ ਅੱਜ ਵੀ ਬਹੁਤ ਸੀ। ਹੀਟਰ ਦਾ ਹਲਕਾ-ਹਲਕਾ ਨਿੱਘ ਤੇ ਸੋਫ਼ੇ ‘ਤੇ ਆਰਾਮ ਨਾਲ ਬੈਠ ਕੇ,ਮੈਨੂੰ ਤਕਰੀਬਨ ਇੱਕ ਮਹੀਨਾ ਪਹਿਲਾਂ ਦਾ ਉਹ ਸਮਾਂ ਯਾਦ ਆ ਗਿਆ,ਜਿਸ ਦਿਨ ਸਰੋਜ ਮੈਨੂੰ ਪਹਿਲੀ ਵਾਰੀ ਮਿਲੀ ਸੀ।

ਮੈਂ ਬੱਸ ਵਿੱਚ ਸਫ਼ਰ ਕਰ ਰਿਹਾ ਸੀ। ਮੇਰੇ ਨਾਲ ਵਾਲੀ ਸੀਟ ਖ਼ਾਲੀ ਸੀ। ਬੱਸ ਅੱਡੇ ‘ਤੇ ਰੁਕੀ ਤੇ ਨਵੀਆਂ ਸਵਾਰੀਆਂ ਚੜ੍ਹੀਆਂ। ਉਨ੍ਹਾਂ ਵਿੱਚ ਸਰੋਜ ਵੀ ਸੀ। ਉਸ ਮੇਰੀ ਸੀਟ ਕੋਲ ਆ ਕੇ ਮੈਥੋਂ ਪੁੱਛਿਆ ਸੀ,’ਸੀਟ ਖ਼ਾਲੀ ਹੈ?’

‘ਜੀ’। ਮੈਂ ਉਸ ਦੇ ਬੈਠਣ ਲਈ ਜਗਾ ਬਣਾਉਂਦੇ ਹੋਏ ਨੇ ਕਿਹਾ।

ਉਹ ਬਿਨਾ ਕੁੱਝ ਕਹੇ ਚੁੱਪ-ਚਾਪ ਸੀਟ ‘ਤੇ ਬੈਠ ਗਈ ਸੀ। ਬੱਸ ਚੱਲਦੀ ਰਹੀ -ਆਪਣਾ ਸਫ਼ਰ ਮੁਕਾਉਂਦੀ ਰਹੀ। ਸਰੋਜ ਉਘਦੀ- ਉਘਦੀ ਮੇਰੇ ਮੋਢੇ ‘ਤੇ ਸਿਰ ਰੱਖ ਕੇ ਸੌਂ ਗਈ ਸੀ। ਕਿੰਨਾ ਹੀ ਚਿਰ ਉਹ ਇਸੇ ਤਰਾਂ ਮੇਰੇ ਮੋਢੇ ‘ਤੇ ਸਿਰ ਸੁੱਟੀ ਸੁੱਤੀ ਰਹੀ। ਮੈਨੂੰ ਬੜਾ ਨਿੱਘ ਮਹਿਸੂਸ ਹੋ ਰਿਹਾ ਸੀ। ਬੱਸ ਅਗਲੇ ਸ਼ਹਿਰ ਰੁਕ ਗਈ। ਉਸ ਦੀ ਅੱਖ ਖੁੱਲੀ। ਘਬਰਾ ਕੇ,ਉਸ ਨੇ ਆਪਣਾ ਸਿਰ ਮੇਰੇ ਮੋਢੇ ਤੋਂ ਹਟਾ ਲਿਆ। ਹੌਲੀ ਜਿਹਾ ਕਿਹਾ,’ਮੁਆਫ਼ ਕਰਨਾ,ਅਨਜਾਣੇ ‘ਚ ਤੁਹਾਨੂੰ ਤਕਲੀਫ਼ ਦਿੱਤੀ।’

‘ਜੇ ਇਸ ਨੂੰ ਤੁਸੀਂ ਤਕਲੀਫ਼ ਸਮਝਦੇ ਹੋ ਤਾਂ ਮੈਂ ਸਾਰੀ ਉਮਰ ਤੁਹਾਡੀ ਇਹ ਤਕਲੀਫ਼ ਬਰਦਾਸ਼ਤ ਕਰ ਸਕਦਾ ਹਾਂ।’

ਉਹ ਮੇਰੇ ਇਹ ਬੋਲ ਸੁਣ ਕੇ ਸ਼ਰਮਾ ਗਈ। ਮੈਂ ਫਿਰ ਗੱਲ ਨੂੰ ਜਾਰੀ ਰੱਖਦਿਆਂ ਪੁੱਛਿਆ ਸੀ।

‘ਤੁਸੀਂ ਕਿੱਥੇ ਜਾ ਰਹੇ ਹੋ?’

‘ਰਾਮ ਪੁਰ।’

‘ਤੇ ਮੈਂ ਜਾ ਰਿਹਾ ਹਾਂ ਸ਼ਾਮ ਪੁਰ।’ ਮੈਂ ਆਪਣੇ ਆਪ ਹੀ ਉਸ ਨੂੰ ਕਿਹਾ।

‘ਚੱਲੋ, ਬਹੁਤ ਅੱਛਾ ਹੈ’

ਅਗਲੇ ਅੱਡੇ ‘ਤੇ ਬੱਸ ਰੁਕੀ। ਡਰਾਈਵਰ ਅਤੇ ਕੁੱਝ ਸਵਾਰੀਆਂ ਚਾਹ ਪੀਣ ਲਈ ਚਲੀਆਂ ਗਈਆਂ।

ਮੈਂ ਸਰੋਜ ਨੂੰ ਕਿਹਾ,’ਚਾਹ ਨਹੀਂ ਪੀਉਗੇ?’

‘ਕੋਈ ਜ਼ਰੂਰਤ ਨਹੀਂ।’

‘ਉੱਠੋ ਵੀ ਨਾ, ਸਰਦੀ ਹੈ। ਇੱਕ-ਇੱਕ ਪਿਆਲਾ।’

ਉਸ ਨੇ ਆਪਣਾ ਕੋਟ ਸੰਭਾਲਦੀ ਹੋਈ ਨੇ ਕਿਹਾ,’ਠੀਕ ਹੈ।’

ਅਸੀਂ ਦੋਨਾਂ ਨੇ ਬੱਸ ‘ਚੋਂ ਉਤਰ ਕੇ ਚਾਹ ਪੀਤੀ। -ਸਾਧਾਰਨ ਵਿਸ਼ਿਆਂ ‘ਤੇ ਨਿੱਕੀਆਂ- ਨਿੱਕੀਆਂ ਗੱਲਾਂ ਕਰਦੇ ਰਹੇ। ਮੈਨੂੰ ਉਸ ਦੱਸਿਆ ਕਿ ਰਾਮ ਪੁਰ ਉਹ ਕਾਲਜ ਵਿੱਚ ਲੈਕਚਰਾਰ ਹੈ। ਉਸ ਨੂੰ ਮੈਂ ਇਹ ਦੱਸਿਆ ਕਿ ਮੈਂ ਵੀ ਸ਼ਾਮ ਪੁਰ ਦੇ ਕਾਲਜ ਵਿੱਚ ਲੈਕਚਰਾਰ ਹਾਂ ਤਾਂ ਉਹ ਸੁਣ ਕੇ ਬਹੁਤ ਖ਼ੁਸ਼ ਹੋਈ ਸੀ।

ਬੱਸ ਚੱਲਦੀ ਰਹੀ। ਸਫ਼ਰ ਮੁੱਕਦਾ ਰਿਹਾ। ਸ਼ਾਮ ਪੁਰ ਆ ਗਿਆ। ਮੈਂ ਆਪਣਾ ਸਮਾਨ ਸੰਭਾਲਦੇ ਹੋਏ ਨੇ ਸਰੋਜ ਨੂੰ ਕਿਹਾ,’ਆਉ ਅੱਜ ਮੇਰੇ ਕੋਲ ਠਹਿਰੋ। ਕੱਲ ਚਲੇ ਜਾਣਾ।

‘ਠੀਕ ਹੈ। ਅੱਜ ਕਾਲਜ ਵਿੱਚ ਵੀ ਤੇ ਛੁੱਟੀ ਹੈ।’ ਉਹ ਇੰਨੀ ਗੱਲ ਕਹਿ ਮੇਰੇ ਨਾਲ ਹੀ ਬੱਸ ‘ਚੋਂ ਉਤਰ ਆਈ ਸੀ।

ਮੈਂ ਹੈਰਾਨ ਸੀ। ਪਰ ਇਸ ਹੈਰਾਨੀ ਦੇ ਹਾਵ-ਭਾਵ ਮੈਂ ਆਪਣੇ ਚਿਹਰੇ ‘ਤੇ ਨਹੀਂ ਆਉਣ ਦਿੱਤੇ ਸਨ।

ਸਕੂਟਰ ਰਿਕਸ਼ਾ ਲੈ ਕੇ ਅਸੀਂ ਦੋਵੇਂ ਘਰ ਪਹੁੰਚ ਗਏ ਸੀ। ਕਮਰੇ ਦਾ ਜਿੰਦਰਾ ਖੋਲ੍ਹਦੇ ਹੋਏ ਉਸ ਨੇ ਮੈਥੋਂ ਬੜੀ ਹੈਰਾਨੀ ਨਾਲ ਪੁੱਛਿਆ ਸੀ,’ਕੀ ਤੁਸੀਂ ਇਕੱਲੇ ਹੀ ਰਹਿੰਦੇ ਹੋ?’

‘ਹਾਂ।’

‘ਪਰ ਮੈਂ ਤਾਂ ਕਦੀ ਇਹ ...... ।’

ਮੈਂ ਉਸ ਨੂੰ ਹੋਰ ਕਹਿਣ ਤੋਂ ਰੋਕਦੇ ਹੋਏ ਕਿਹਾ ਸੀ,’ਛੱਡੋ ਇਹ ਸਭ ਸਵਾਲ ਇਸ ਵੇਲੇ ਬੇਮਾਅਨੀ ਹਨ।’

‘ਪਰ ਮੈਂ ਆਪਣੇ ਆਪ ਤੇ ਵੀ ਬੜੀ ਹੈਰਾਨ ਹਾਂ ਕਿ ਤੁਹਾਡੇ ਕਹਿਣ ਤੇ ਇਸ ਤਰ੍ਹਾਂ ਕਿਵੇਂ ਤੁਰ ਪਈ?’ ਉਸ ਨੇ ਆਪਣੀ ਘਬਰਾਹਟ ਨੂੰ ਛੁਪਾਉਂਦੇ ਹੋਏ ਕਿਹਾ।

‘ਸਰੋਜ, ਆਰਾਮ ਨਾਲ ਬੈਠੋ,ਕੋਈ ਚਿੰਤਾ ਦੀ ਗੱਲ ਨਹੀਂ।‘ ਮੈਂ ਕਮਰੇ ਦੀਆਂ ਖਿੜਕੀਆਂ ਖੋਲ੍ਹਦੇ ਨੇ ਕਿਹਾ ਸੀ।

ਉਹ ਕਮਰੇ ਦੀਆਂ ਕੰਧਾਂ ਤੇ ਲੱਗੀਆਂ ਪੇਂਟਿੰਗਜ਼ ਦੇਖਣ ਲੱਗ ਗਈ। ਉਸ ਦੀ ਨਜ਼ਰ ਇੱਕ ਪੇਂਟਿੰਗ ‘ਤੇ ਟਿਕ ਗਈ ਸੀ। ਉਸ ਵਿੱਚ ਜੰਗਲ ‘ਚ ਅੱਗ ਲੱਗੀ ਹੋਈ ਦਾ ਦ੍ਰਿਸ਼ ਸੀ। ਇੱਕ ਪਾਸੇ ਹਿਰਨੀ ਆਪਣੇ ਬਚਾਓ ਲਈ ਰਾਹ ਲੱਭ ਰਹੀ ਸੀ ਅਤੇ ਦੂਜੇ ਪਾਸੇ ਸ਼ੇਰ ਉਸ ‘ਤੇ ਝਪਟਣ ਲਈ ਤਿਆਰ ਸੀ।

ਮੈਂ ਹੀਟਰ ‘ਤੇ ਚਾਹ ਰੱਖਦੇ ਹੋਏ ਨੇ ਪੁੱਛਿਆ ਸੀ,’ਸਰੋਜ ਤਸਵੀਰ ਕਿਸ ਤਰ੍ਹਾਂ ਦੀ ਲੱਗੀ?’

‘ਬੇਬਸੀ।’

‘ਨਹੀਂ ਸੰਘਰਸ਼।’

‘ਖ਼ਿਆਲ ਆਪਣਾ-ਆਪਣਾ। ਵਿਚਾਰ ਆਪਣਾ-ਆਪਣਾ।’

‘ਬਹੁਤ ਖ਼ੂਬ, ਚਾਹ।’ ਮੈਂ ਚਾਹ ਦਾ ਪਿਆਲਾ ਉਸ ਵੱਲ ਵਧਾਇਆ। ਉਸ ਨੇ ਆਪਣੇ ਹੱਥ ਅਗਾਂਹ ਕੀਤੇ। ਮੈਂ ਉਸ ਦਾ ਹੱਥ ਘੁੱਟ ਕੇ ਪਿਆਲਾ ਪੇਸ਼ ਕਰ ਦਿੱਤਾ। ਉਸ ਨੇ ਕੱਪ ਫੜ ਕੇ ਫਿਰ ਉਸੇ ਪੇਂਟਿੰਗ ਵਲ ਇੱਕ ਵਾਰ ਤੱਕਿਆ,ਪਰ ਬੋਲੀ ਕੁੱਝ ਨਹੀਂ ਸੀ।

ਮੇਰੇ ਖਿਆਲਾਂ ਦੀ ਲੜੀ ਟੁੱਟ ਗਈ,ਜਦ ਸਰੋਜ ਚਾਹ ਦਾ ਪਿਆਲਾ ਲ,ਮੇਰੇ ਸਾਹ-ਮਣੇ ਖੜੀ ਕਹਿ ਰਹੀ ਸੀ, ‘ਸੁਰੇਸ਼ ਕੀ ਸੋਚਦੇ ਹੋ?’

‘ਹੂੰ,ਕੁੱਝ ਵੀ ਨਹੀਂ।’ ਮੈਂ ਉੱਭੜਵਾਹੇ ਤ੍ਰਬਕ ਕੇ ਕਿਹਾ।

‘ਖੋਏ-ਖੋਏ ਜਿਹੇ ਲੱਗ ਰਹੇ ਹੋ।’

‘ਨਹੀਂ। ਤੁਸੀਂ ਏਨੀ ਛੇਤੀ ਚਾਹ ਬਣਾ ਲਿਆਏ?’

ਉਸ ਨੇ ਹੱਸਦੇ-ਹੱਸਦੇ ਚਾਹ ਦਾ ਪਿਆਲਾ ਅੱਗੇ ਵਧਾਇਆ।

ਮੈਂ ਵੀ ਆਪਣੇ ਹੱਥ ਅੱਗੇ ਵਧਾਏ।

ਉਸ ਨੇ ਮੇਰਾ ਹੱਥ ਘੁੱਟ ਕੇ,ਚਾਹ ਦਾ ਪਿਆਲਾ ਪੇਸ਼ ਕਰ ਦਿੱਤਾ।

ਮੈਂ ਮੁਸਕਰਾਇਆ ਅਤੇ ਚਾਹ ਦਾ ਪਿਆਲਾ ਫੜ ਲਿਆ।

ਉਹ ਵੀ ਸੋਫ਼ੇ ‘ਤੇ ਮੇਰੇ ਨਾਲ ਬੈਠ ਗਈ। ਚਾਹ ਦਾ ਘੁੱਟ ਭਰਦੇ ਹੋਏ,ਮੈਂ ਉਸ ਦੀ ਚਾਪਲੂਸੀ ਕਰਦੇ ਨੇ ਕਿਹਾ, ‘ਸਰੋਜ,ਚਾਹ ਬੜੀ ਕਮਾਲ ਦੀ ਬਣਾਈ ਹੈ।’

‘ਮਿਹਰਬਾਨੀ।’ ਉਸ ਨੇ ਸੋਫ਼ੇ ਤੋਂ ਸਰਕਦੇ ਹੋਏ,ਹੋਰ ਮੇਰੇ ਨਾਲ ਲੱਗਦੇ ਕਿਹਾ।

ਮੈਂ ਉਸ ਨੂੰ ਆਪਣੇ ਕਮਰੇ ਵਾਲੀ ਉਹ ਘਟਨਾ ਦਾ ਜ਼ਿਕਰ ਛੇੜਦੇ ਹੋਏ ਕਿਹਾ,’ਉਸ ਦਿਨ,ਤੁਸੀਂ ਐਵੇਂ ਹੀ ਜਲਦੀ ਚਲੇ ਗਏ ਸੀ। ਅਸੀਂ ਇੱਕ ਦੂਜੇ ਨਾਲ ਜਾਣ-ਪਛਾਣ ਹੋਣ ਤੇ ਵੀ ਅਜਨਬੀ ਹੀ ਰਹਿ ਗਏ ਸੀ’

‘ਤੁਸੀਂ ਹੀ ਇਸ ਦੇ ਜ਼ਿੰਮੇਵਾਰ ਸੀ ਤੇ ਤੁਸੀਂ ਹੀ ਕਸੂਰਵਾਰ।’ ਉਸ ਨੇ ਖ਼ਾਲੀ ਪਿਆਲੀ ਨੂੰ ਮੇਜ਼ ‘ਤੇ ਰੱਖਦੇ ਹੋਏ ਲਾਪਰਵਾਹੀ ਅਤੇ ਬੇਬਾਕੀ ਨਾਲ ਕਿਹਾ।

‘ਜੇ ਇਹ ਖ਼ਿਆਲ ਹੈ ਤਾਂ ਜੁਰਮ ਇਕਬਾਲ ਕਰਦਾ ਹਾਂ।’ ਮੈਂ ਵੀ ਚਾਹ ਦਾ ਪਿਆਲਾ ਮੇਜ਼ ‘ਤੇ ਰੱਖਦਿਆਂ ਹਲਕੀ ਜਿਹੀ ਮੁਸਕਾਨ ‘ਚ ਕਿਹਾ।

‘ਅੱਜ ਸਰਦੀ ਕਾਫੀ ਹੈ,ਭਾਵੇਂ ਕਮਰੇ ਵਿੱਚ ਹੀਟਰ ਲੱਗਾ ਹੈ’।ਇਹ ਕਹਿਕੇ ਉਹ ਸਰਕ ਕੇ ਮੇਰੇ ਨਾਲ ਲੱਗ ਗਈ।

‘ਕੀ ਇੰਝ ਸਰਦੀ ਹੱਟ ਜਾਏਗੀ ?’ਮੈਂ ਹਾਸੇ ‘ਚ ਕਿਹਾ।

‘ਤੇ ਇੰਜ ਤੇ ਹੱਟ ਹੀ ਜਾਏਗੀ ਨਾ।’

‘ਕਿਵੇਂ?’

‘ਮੈਂ ਆਪਣੀ ਕੁੰਜ ਉਤਾਰ ਚੁੱਕੀ ਹਾਂ।’

-0-



ਸੁਰਜੀਤ ਸਿੰਘ ਭੁੱਲਰ

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

**ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ**




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**